Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 345 | 11/06/2026 | www.samajweekly.com | samajweekly | @samajweekly | samajweekly

# ਓਮਾਨ ਤੱਟ ਦੇ ਨੇੜੇ ਟੈਂਕਰ 'ਤੇ ਹੋਏ ਹਮਲੇ ਨੂੰ ਲੈ ਕੇ ਭਾਰਤ ਨੇ ਅਮਰੀਕੀ ਰਾਜਦੂਤ ਨੂੰ ਕੀਤਾ ਤਲਬ

**ਨਵੀਂ ਦਿੱਲੀ**

ਭਾਰਤ ਸਰਕਾਰ ਨੇ ਬੁੱਧਵਾਰ ਨੂੰ ਅਮਰੀਕੀ ਰਾਜਦੂਤ ਜੇਸਨ ਮੀਕਸ ਨੂੰ ਤਲਬ ਕੀਤਾ ਅਤੇ ਓਮਾਨ ਦੇ ਤੱਟ ਦੇ ਨੇੜੇ 24 ਭਾਰਤੀ ਕਰੂ ਮੈਂਬਰਾਂ ਵਾਲੇ ਇੱਕ ਵਪਾਰਕ ਟੈਂਕਰ 'ਤੇ ਅਮਰੀਕੀ ਹਮਲੇ ਨੂੰ ਲੈ ਕੇ ਸਖ਼ਤ ਵਿਰੋਧ ਦਰਜ ਕਰਵਾਇਆ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ।

ਇਸ ਹਮਲੇ ਦਾ ਸ਼ਿਕਾਰ ਹੋਏ ਇੱਕ ਵਪਾਰਕ ਜਹਾਜ਼ 'ਤੇ ਸਵਾਰ 24 ਭਾਰਤੀ ਕਰੂ ਮੈਂਬਰਾਂ (ਚਾਲਕ ਦਲ) ਵਿੱਚੋਂ ਤਿੰਨ ਲਾਪਤਾ ਹੋ ਗਏ ਹਨ, ਜਿਸ ਦੀ ਭਾਰਤ ਸਰਕਾਰ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਸ ਤੋਂ ਪਹਿਲਾਂ ਆਪਣੀ ਪ੍ਰਤੀਕਿਰਿਆ ਵਿੱਚ ਭਾਰਤ ਸਰਕਾਰ ਨੇ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਕਮਰਸ਼ੀਅਲ ਸ਼ਿਪਿੰਗ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣਾ ਬੰਦ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕੌਮਾਂਤਰੀ ਜਲ ਮਾਰਗਾਂ ਰਾਹੀਂ ਸੁਤੰਤਰ ਅਤੇ ਨਿਰਵਿਘਨ ਆਵਾਜਾਈ ਨੂੰ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਣਾ ਚਾਹੀਦਾ ਹੈ। ਵਪਾਰਕ ਜਹਾਜ਼ 'ਸੇਟੇਬੇਲੋ' 'ਤੇ ਇਹ ਹਮਲਾ ਪਲਾਊ ਦੇ ਝੰਡੇ ਵਾਲੇ ਇੱਕ ਹੋਰ ਜਹਾਜ਼ 'ਤੇ ਅਮਰੀਕੀ ਜਲ ਸੈਨਾ ਵੱਲੋਂ ਕੀਤੇ ਗਏ ਹਮਲੇ ਦੇ ਠੀਕ ਦੋ ਦਿਨ ਬਾਅਦ ਹੋਇਆ ਹੈ। ਉਸ ਜਹਾਜ਼ ਵਿੱਚ ਵੀ 24 ਭਾਰਤੀ ਸਵਾਰ ਸਨ ਅਤੇ ਇਹ ਹਮਲਾ ਉਦੋਂ ਹੋਇਆ ਸੀ, ਜਦੋਂ ਉਹ ਜਹਾਜ਼ ਇਰਾਨੀ ਬੰਦਰਗਾਹਾਂ 'ਤੇ ਲੱਗੀ ਅਮਰੀਕੀ ਨਾਕਾਬੰਦੀ ਤੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ।



ਵਿਦੇਸ਼ ਮੰਤਰਾਲੇ ਨੇ ਕਿਹਾ, "ਅਸੀਂ ਅੱਜ ਤੜਕੇ ਓਮਾਨ ਦੇ ਤੱਟ ਦੇ ਨੇੜੇ ਵਪਾਰਕ ਜਹਾਜ਼ 'ਸੇਟੇਬੇਲੋ' 'ਤੇ ਹੋਏ ਹਮਲੇ ਦੀ ਨਿਖੇਧੀ ਕਰਦੇ ਹਾਂ। ਇਸ ਵਿੱਚ ਸਵਾਰ 24 ਭਾਰਤੀ ਕਰੂ ਮੈਂਬਰਾਂ ਵਿੱਚੋਂ ਹੁਣ ਤੱਕ 21 ਭਾਰਤੀਆਂ ਨੂੰ ਬਚਾ ਲਿਆ ਗਿਆ ਹੈ ਅਤੇ ਤਿੰਨ ਭਾਰਤੀ ਲਾਪਤਾ ਦੱਸੇ ਜਾ ਰਹੇ ਹਨ।"

ਮੰਤਰਾਲੇ ਨੇ ਕਿਹਾ ਕਿ ਓਮਾਨ ਵਿੱਚ ਭਾਰਤੀ ਦੂਤਾਵਾਸ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਚੱਲ ਰਹੇ ਖੋਜ ਅਤੇ ਬਚਾਅ ਕਾਰਜ ਵਿੱਚ ਸਥਾਨਕ ਅਧਿਕਾਰੀਆਂ ਨਾਲ ਸਰਗਰਮੀ ਨਾਲ ਤਾਲਮੇਲ ਕਰ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਸ ਇਲਾਕੇ ਵਿੱਚ ਜਹਾਜ਼ਾਂ 'ਤੇ ਲਗਾਤਾਰ ਹੋ ਰਹੇ ਹਮਲੇ ਬਹੁਤ ਵੱਡੀ ਚਿੰਤਾ ਦੀ ਗੱਲ ਹਨ ਅਤੇ ਇਹ ਸਭ ਕੁਝ ਉਸ ਇਲਾਕੇ ਵਿੱਚ ਚੱਲ ਰਹੇ ਸੰਘਰਸ਼ ਕਾਰਨ ਵਾਪਰ ਰਿਹਾ ਹੈ। ਮੰਤਰਾਲੇ ਨੇ ਕਿਹਾ, "ਅਸੀਂ ਇਲਾਕੇ ਵਿੱਚ ਤਣਾਅ ਨੂੰ ਤੁਰੰਤ ਘਟਾਉਣ ਅਤੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਆਪਣੀ ਅਪੀਲ ਨੂੰ ਇੱਕ ਵਾਰ ਫਿਰ ਦੁਹਰਾਉਂਦੇ ਹਾਂ, ਤਾਂ ਜੋ ਇਸ ਖੇਤਰ ਵਿੱਚ ਦੁਬਾਰਾ ਸ਼ਾਂਤੀ ਅਤੇ ਸਥਿਰਤਾ ਬਹਾਲ ਹੋ ਸਕੇ।" ਇਸ ਦੇ ਨਾਲ ਹੀ, ਸਮੁੰਦਰੀ ਰਸਤਿਆਂ 'ਤੇ ਨਜ਼ਰ ਰੱਖਣ ਵਾਲੀ ਬ੍ਰਿਟੇਨ ਦੀ ਫ਼ੌਜੀ ਸੰਸਥਾ ਯੂ ਕੇ ਐੱਮ ਟੀ ਓ ਨੇ ਦੱਸਿਆ ਕਿ ਜਹਾਜ਼ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਇਸ ਹਮਲੇ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ ਹੈ ਅਤੇ ਦੋ ਜਣੇ ਲਾਪਤਾ ਹਨ। ਸਥਾਨਕ ਅਧਿਕਾਰੀਆਂ ਮੁਤਾਬਕ ਹਮਲੇ ਕਾਰਨ ਇੱਕ ਤੇਲ ਵਾਲੇ ਟੈਂਕਰ ਦੇ ਇੰਜਣ ਰੂਮ ਵਿੱਚ ਅੱਗ ਲੱਗ ਗਈ ਹੈ।

# CJP ਵੀਰਵਾਰ ਨੂੰ ਦੇਸ਼ ਵਿਆਪੀ ਪ੍ਰਦਰਸ਼ਨ ਕਰੇਗੀ ਸ਼ੁਰੂ; ਅਣਮਿੱਥੇ ਸਮੇਂ ਲਈ ਧਰਨੇ ਦੀ ਦਿੱਤੀ ਚਿਤਾਵਨੀ

**ਨਵੀਂ ਦਿੱਲੀ**

ਕਾਕਰੋਚ ਜਨਤਾ ਪਾਰਟੀ ਨੇ ਬੁੱਧਵਾਰ ਨੂੰ 11 ਜੂਨ ਨੂੰ ਪੂਣੇ ਤੋਂ ਸ਼ੁਰੂ ਹੋਣ ਵਾਲੇ ਦੇਸ਼ ਵਿਆਪੀ ਅੰਦੋਲਨ ਦਾ ਐਲਾਨ ਕੀਤਾ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫ਼ਾ ਨਹੀਂ ਦਿੰਦੇ ਤਾਂ 20 ਜੂਨ ਤੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।

ਸੀ ਜੇ ਪੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਪੁਣੇ, ਲਖਨਊ, ਅੰਮ੍ਰਿਤਸਰ, ਬੈਂਗਲੁਰੂ, ਜੈਪੁਰ ਅਤੇ ਹੈਦਰਾਬਾਦ ਸਮੇਤ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਉੱਥੇ ਹੀ ਸੀ ਜੇ ਪੀ (ਛਝਫ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐਕਸ (ਯ) 'ਤੇ ਇੱਕ ਪੋਸਟ ਵਿੱਚ ਕਿਹਾ ਕਿ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਵੀਰਵਾਰ ਨੂੰ ਪੁਣੇ ਦੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਣਗੇ। ਸੀ ਜੇ ਪੀ (ਛਝਫ) ਨੇ ਪ੍ਰੀਖਿਆਵਾਂ ਕਰਵਾਉਣ ਵਿੱਚ ਵਾਰ-ਵਾਰ ਹੋ ਰਹੀਆਂ ਨਾਕਾਮੀਆਂ ਦੇ ਦੋਸ਼ ਲਗਾਏ ਹਨ। ਉਨ੍ਹਾਂ ਨੇ ਕੇਂਦਰੀ ਸਿੱਖਿਆ ਮੰਤਰੀ ਤੋਂ ਇਸ ਦੀ ਜਵਾਬਦੇਹੀ ਮੰਗਦਿਆਂ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਧਰਮਿੰਦਰ ਪ੍ਰਧਾਨ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੰਦੇ, ਉਦੋਂ ਤੱਕ ਇਹ ਪ੍ਰਦਰਸ਼ਨ ਲਗਾਤਾਰ ਜਾਰੀ ਰਹਿਣਗੇ।




ਸਮੂਹ ਨੇ ਇਸ ਨੂੰ ਲੱਖਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜਿਆ ਇੱਕ ਵੱਡਾ ਕੌਮੀ ਮੁੱਦਾ ਦੱਸਿਆ ਹੈ। ਉਨ੍ਹਾਂ ਕਿਹਾ, "ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਇਨ੍ਹਾਂ ਵਾਰ-ਵਾਰ ਹੋ ਰਹੀਆਂ ਨਾਕਾਮੀਆਂ ਦੀ ਜ਼ਿੰਮੇਵਾਰੀ ਨਹੀਂ ਲੈ ਰਹੇ। ਜਵਾਬਦੇਹੀ ਹਮੇਸ਼ਾ ਸਿਖਰ ਤੋਂ ਸ਼ੁਰੂ ਹੋਣੀ ਚਾਹੀਦੀ ਹੈ, ਇਸੇ ਲਈ ਅਸੀਂ ਆਪਣੀ ਮੰਗ ਨੂੰ ਫਿਰ ਦੁਹਰਾਉਂਦੇ ਹਾਂ ਕਿ ਧਰਮਿੰਦਰ ਪ੍ਰਧਾਨ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ।"

ਸੀ ਜੇ ਪੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਮੰਗ ਨਾ ਮੰਨੀ, ਤਾਂ ਦੇਸ਼ ਦੇ ਨੌਜਵਾਨ 20 ਜੂਨ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਇਕੱਠੇ ਹੋਣਗੇ। ਉਹ ਮੰਤਰੀ ਦੇ ਅਸਤੀਫ਼ੇ ਤੱਕ ਉੱਥੇ ਅਣਮਿੱਥੇ ਸਮੇਂ ਲਈ ਸ਼ਾਂਤੀਪੂਰਨ ਧਰਨਾ ਦੇਣਗੇ। ਸੀ ਜੇ ਪੀ ਨੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਆਮ ਨਾਗਰਿਕਾਂ ਨੂੰ ਇਸ ਦੇਸ਼ ਵਿਆਪੀ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਇਸ ਅੰਦੋਲਨ ਨੂੰ ਜਵਾਬਦੇਹੀ ਅਤੇ ਇਨਸਾਫ਼ ਦੀ ਲੜਾਈ ਕਰਾਰ ਦਿੱਤਾ ਹੈ। ਇਹ ਐਲਾਨ 6 ਜੂਨ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਸੀ ਜੇ ਪੀ ਵੱਲੋਂ ਕੀਤੇ ਗਏ ਇੱਕ ਪ੍ਰਦਰਸ਼ਨ ਤੋਂ ਕੁਝ ਦਿਨਾਂ ਬਾਅਦ ਸਾਹਮਣੇ ਆਇਆ ਹੈ। ਇਸ ਪ੍ਰਦਰਸ਼ਨ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵਿਦਿਆਰਥੀ ਅਤੇ ਨੌਜਵਾਨ ਇਕੱਠੇ ਹੋਏ ਸਨ, ਜੋ ਮੁਕਾ-ਬਲੇ ਦੀਆਂ ਪ੍ਰੀਖਿਆਵਾਂ ਵਿੱਚ ਹੋਈਆਂ ਕਥਿਤ ਗੜਬੜੀਆਂ ਲਈ ਜਵਾਬਦੇਹੀ ਦੀ ਮੰਗ ਕਰ ਰਹੇ ਸਨ ਅਤੇ ਨਾਲ ਹੀ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਵੀ ਕਰ ਰਹੇ ਸਨ।

# ਅਨੰਤਨਾਗ ਵਿੱਚ 104 ਗ੍ਰਾਮ ਚਰਸ, 25.50 ਲੱਖ ਰੁਪਏ ਦੀ ਨਕਦੀ ਸਮੇਤ ਨਸ਼ਾ ਤਸਕਰ ਗ੍ਰਿਫ਼ਤਾਰ

**ਅਨੰਤਨਾਗ :** ਨਸ਼ੀਲੇ ਪਦਾਰਥਾਂ ਦੇ ਖ਼ਤਰੇ ਵਿਰੁੱਧ ਆਪਣੀ ਤੇਜ਼ ਕਾਰਵਾਈ ਜਾਰੀ ਰੱਖਦੇ ਹੋਏ, ਅਨੰਤਨਾਗ ਪੁਲਿਸ ਨੇ ਮੰਗਲਵਾਰ ਨੂੰ ਬਿਜਬੇਹਾੜਾ ਦੇ ਤੁਲਖਾਨ ਖੇਤਰ ਵਿੱਚ ਇੱਕ ਛਾਪੇਮਾਰੀ ਦੌਰਾਨ 104 ਗ੍ਰਾਮ ਚਰਸ ਵਰਗਾ ਪਦਾਰਥ ਅਤੇ 25.50 ਲੱਖ ਰੁਪਏ ਦੀ ਨਕਦੀ ਬਰਾਮਦ ਕਰਕੇ ਇੱਕ ਵੱਡੀ ਸਫਲਤਾ ਦਾ ਦਾਅਵਾ ਕੀਤਾ, ਜਿਸ ਨਾਲ ਇੱਕ ਕਥਿਤ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਕਿਹਾ ਕਿ ਇਹ ਕਾਰਵਾਈ ਖਾਸ ਅਤੇ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਸੀ ਜਿਸ ਤੋਂ ਪਤਾ ਚੱਲਦਾ ਹੈ ਕਿ ਇੱਕ ਬਦਨਾਮ ਨਸ਼ਾ ਤਸਕਰ ਨੇ ਤੁਲਖਾਨ ਵਿੱਚ ਆਪਣੇ ਨਿਰਮਾਣ ਅਧੀਨ ਘਰ ਵਿੱਚ ਨਸ਼ੀਲੇ ਪਦਾਰਥ ਛੁਪਾਏ ਸਨ। ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਇੱਕ ਪੁਲਿਸ ਟੀਮ ਨੇ ਨਿਰਧਾਰਤ ਸਥਾਨ 'ਤੇ ਛਾਪਾ ਮਾਰਿਆ ਅਤੇ ਇਮਾਰਤ ਦੀ ਪੂਰੀ ਤਲਾਸ਼ੀ ਲਈ। ਕਾਰਵਾਈ ਦੌਰਾਨ, ਅਧਿਕਾਰੀਆਂ ਨੇ 104 ਗ੍ਰਾਮ ਚਰਸ ਵਰਗੀਆਂ ਸੋਟੀਆਂ ਅਤੇ 25,50,000 ਰੁਪਏ ਦੀ ਨਕਦੀ ਬਰਾਮਦ ਕੀਤੀ, ਜੋ ਕਥਿਤ ਤੌਰ 'ਤੇ ਉਸਾਰੀ ਅਧੀਨ ਘਰ ਦੀ ਜ਼ਮੀਨੀ ਮੰਜ਼ਿਲ 'ਤੇ ਪੱਥਰਾਂ ਹੇਠ ਲੁਕਾਈ ਗਈ ਸੀ। ਦੋਸ਼ੀ ਦੀ ਪਛਾਣ ਫਾਰੂਕ ਅਹਿਮਦ ਡਾਰ ਵਜੋਂ ਹੋਈ ਹੈ, ਜੋ ਕਿ



ਗੁਲਾਮ ਹਸਨ ਡਾਰ ਦਾ ਪੁੱਤਰ ਹੈ, ਜੋ ਕਿ ਤੁਲਖਾਨ, ਬਿਜਬੇਹਾਰਾ ਦਾ ਰਹਿਣ ਵਾਲਾ ਹੈ। ਇਸ ਮਾਮਲੇ ਦੇ ਸਬੰਧ ਵਿੱਚ ਉਸਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਨੇ ਕਿਹਾ ਕਿ ਸਬੰਧਤ ਪੁਲਿਸ ਸਟੇਸ਼ਨ ਵਿੱਚ ਐਨਡੀਪੀਐਸ ਐਕਟ ਦੀ ਧਾਰਾ 8/20 ਦੇ ਤਹਿਤ ਐਫਆਈਆਰ ਨੰਬਰ 154/2026 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਦੋਂ ਕਿ ਨਸ਼ੀਲੇ ਪਦਾਰਥਾਂ ਦੇ ਸਰੋਤ ਅਤੇ ਵੱਡੇ ਨਸ਼ੀਲੇ ਪਦਾਰਥਾਂ ਦੇ ਨੈਟਵਰਕ ਨਾਲ ਮੁਲਜ਼ਮਾਂ ਦੇ ਸੰਭਾਵਿਤ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸਮਾਜ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਖ਼ਤਰੇ ਨੂੰ ਖਤਮ ਕਰਨ ਦੇ ਆਪਣੇ ਦ੍ਰਿੜ ਇਰਾਦੇ ਨੂੰ ਦੁਹਰਾਉਂਦੇ ਹੋਏ, ਅਨੰਤਨਾਗ ਪੁਲਿਸ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਲੋਕਾਂ ਵਿਰੁੱਧ ਮੁਹਿੰਮ ਪੂਰੀ ਤਾਕਤ ਨਾਲ ਜਾਰੀ ਰਹੇਗੀ। ਪੁਲਿਸ ਨੇ ਜਨਤਾ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਕੇ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ, ਇਹ ਭਰੋਸਾ ਦਿਵਾਇਆ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਅਪਰਾਧੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। "ਅਨੰਤਨਾਗ ਪੁਲਿਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਨੈੱਟਵਰਕਾਂ ਨੂੰ ਖਤਮ ਕਰਕੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਨੌਜਵਾਨਾਂ ਲਈ ਸੁਰੱਖਿਅਤ ਭਵਿੱਖ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਮੋਰਿੰਡਾ: 9 ਸਾਲ ਦੀ ਬੱਚੀ ਨੂੰ ਅਵਾਰਾ ਕੁੱਤਿਆਂ ਨੇ ਨੋਚਿਆ, ਬੱਚੀ ਦੀ ਹੋਈ ਮੌਤ

**ਰੂਪਨਗਰ:** ਮੋਰਿੰਡਾ ਦੇ ਵਾਰਡ ਨੰਬਰ ਇਕ ਵਿੱਚ ਇੱਕ ਅਣਹੋਣੀ ਦਰਦਨਾਕ ਘਟਨਾ ਵਾਪਰੀ ਜਿਸ ਵਿੱਚ ਅਵਾਰਾ ਕੁੱਤਿਆਂ ਵੱਲੋਂ ਇੱਕ ਤੀਸਰੀ ਕਲਾਸ ਦੀ ਵਿਦਿਆਰਥਣ ਨੌ ਸਾਲ ਦੀ ਬੱਚੀ ਕ੍ਰਿਤਿਆ ਨੂੰ ਨੋਚ ਨੋਚ ਕੇ ਖਾ ਲਿਆ। ਕ੍ਰਿਤਿਆ ਦੀ ਮਾਤਾ ਪੂਨਮ ਦੇਵੀ ਅਨੁਸਾਰ ਉਸ ਨੂੰ ਦੁਪਹਿਰ ਵੇਲੇ ਦੁੱਧ ਲੈਣ ਲਈ ਭੇਜਿਆ ਸੀ। ਪਰੰਤੂ ਰਸਤੇ ਵਿੱਚ ਹੀ ਅਵਾਰਾ ਕੁੱਤਿਆਂ ਨੇ ਘੇਰ ਕੇ ਉਸ ਨੂੰ ਨੋਟ ਨੋਚ ਕੇ ਖਾ ਲਿਆ। ਜਦੋਂ ਤੱਕ ਤੇ ਸ਼ੋਰ ਮਚਾਉਣ ਤੇ ਲੋਕੀ ਬਾਹਰ ਆਉਂਦੇ ਉਦੋਂ ਤੱਕ ਕੁੱਤਿਆਂ ਨੇ ਲੜਕੀ ਨੂੰ ਬੁਰੀ ਤਰ੍ਹਾਂ ਨੋਚ ਕੇ ਖਾ ਲਿਆ ਸੀ।



ਉਧਰ ਨੇੜੇ ਹੀ ਰਹਿੰਦੇ ਇਕ ਨੌਜਵਾਨ ਪ੍ਰਗਟ ਸਿੰਘ ਖਾਲਸਾ ਵੱਲੋਂ ਜੇਰਾ ਕਰਦਿਆਂ ਲੜਕੀ ਨੂੰ ਤੁਰੰਤ ਸਥਾਨਕ ਇੱਕ ਨਿੱਜੀ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਚੰਡੀਗੜ੍ਹ ਲਈ ਰੈਫਰ ਕਰ ਦਿੱਤਾ ਗਿਆ। ਜਿੱਥੇ ਡਾਕਟਰਾਂ ਵੱਲੋਂ ਲੜਕੀ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਉਧਰ ਮੁਹੱਲਾ ਨਿਵਾਸੀ ਪਰਦੁਮਣ ਸਿੰਘ ਕੋਲੀ ਅਤੇ ਹੋਰ ਸ਼ਹਿਰ ਵਾਸੀਆਂ ਨੇ ਕਿਹਾ ਕਿ ਉਹ ਨਗਰ ਕੌਂਸਲ ਨੂੰ ਅਨੇਕਾਂ ਵਾਰ ਸ਼ਿਕਾਇਤਾਂ ਕਰ ਚੁੱਕੇ ਹਨ, ਪਰੰਤੂ ਨਗਰ ਕੌਂਸਲ ਵੱਲੋਂ ਇਸ ਵੱਲ ਕੋਈ ਤਵੱਜੋ ਨਹੀਂ ਦਿੱਤੀ ਗਈ, ਜਿਸ ਦਾ ਖਮਿਆਜ਼ਾ ਇੱਕ ਲੜਕੀ ਦੀ ਜਾਨ ਜਾਣ ਨਾਲ ਮਿਲਿਆ।

# ਅਮਰੀਕਾ-ਇਰਾਨ ਤਣਾਅ ਦਾ ਅਸਰ, ਸੋਨੇ ਦੀ ਕੀਮਤ 'ਚ ਵੱਡੀ ਕਮੀ, 4,300 ਰੁਪਏ ਡਿੱਗ ਕੇ 1.56 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋਇਆ ਸੋਨਾ

**ਚਾਂਦੀ ਦੀ ਕੀਮਤ 'ਚ ਵੀ 10,000 ਰੁਪਏ ਦੀ ਕਮੀ, 2.45 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਹੋਈ ਕੀਮਤ**

**ਨਵੀਂ ਦਿੱਲੀ:** ਬੁੱਧਵਾਰ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 4,300 ਰੁਪਏ ਡਿੱਗ ਕੇ 1.56 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋ ਗਈਆਂ ਜਦੋਂ ਕਿ ਚਾਂਦੀ 10,000 ਰੁਪਏ ਡਿੱਗ ਕੇ 2.45 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ, ਕਿਉਂਕਿ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤਾਜ਼ਾ ਉਛਾਲ ਅਤੇ ਮਜ਼ਬੂਤ ਅਮਰੀਕੀ ਡਾਲਰ ਨੇ ਕੀਮਤੀ ਧਾਤਾਂ ਦੀ ਮੰਗ ਨੂੰ ਕਮਜ਼ੋਰ ਕੀਤਾ। ਸਥਾਨਕ ਬਾਜ਼ਾਰਾਂ ਦੇ ਅਨੁਸਾਰ, 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 4,300 ਰੁਪਏ ਜਾਂ ਲਗਭਗ 3 ਪ੍ਰਤੀਸ਼ਤ ਘਟ ਕੇ 1,56,000 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਿਆ, ਜੋ ਕਿ ਪਿਛਲੇ ਬੰਦ 1,60,300 ਰੁਪਏ ਪ੍ਰਤੀ 10 ਗ੍ਰਾਮ ਸੀ। ਚਾਂਦੀ ਦੀਆਂ ਕੀਮਤਾਂ 10,000 ਰੁਪਏ ਜਾਂ 4 ਪ੍ਰਤੀਸ਼ਤ ਡਿੱਗ ਕੇ 2,45,700 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਆ ਗਈਆਂ, ਜੋ ਪਿਛਲੇ 2,55,700 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਬੰਦ ਪੱਧਰ ਤੋਂ ਘੱਟ ਕੇ 2,45,700 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਆ ਗਈਆਂ।



ਪੀਐਲ ਵੈਲਥ ਦੇ ਉਤਪਾਦ ਅਤੇ ਪਰਿਵਾਰ ਦਫਤਰ ਦੇ ਮੁਖੀ ਰਾਜਕੁਮਾਰ ਸੁਬਰਾਮਨੀਅਮ ਨੇ ਕਿਹਾ ਕਿ ਅਮਰੀਕਾ-ਇਰਾਨ ਭੂ-ਰਾਜਨੀਤਿਕ ਤਣਾਅ ਵਿੱਚ ਤਾਜ਼ਾ ਵਾਧੇ ਕਾਰਨ ਬੁੱਧਵਾਰ ਨੂੰ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਬਦਲਾਅ ਆਇਆ, ਜਿਸ ਕਾਰਨ ਕੱਚਾ ਤੇਲ 90 ਡਾਲਰ ਪ੍ਰਤੀ ਬੈਰਲ ਤੋਂ ਵੱਧ ਗਿਆ ਅਤੇ ਡਾਲਰ ਮਜ਼ਬੂਤ ਹੋਇਆ। ਉਨ੍ਹਾਂ ਕਿਹਾ ਕਿ ਊਰਜਾ ਦੀਆਂ ਕੀਮਤਾਂ ਵਿੱਚ ਵਾਧੇ ਨੇ ਸਥਿਰ ਮੁਦਰਾਸਫੀਤੀ ਅਤੇ ਉੱਚੀਆਂ ਵਿਆਜ ਦਰਾਂ ਦੇ ਲੰਬੇ ਸਮੇਂ ਤੱਕ ਚੱਲਣ ਦੀਆਂ ਚਿੰਤਾਵਾਂ ਨੂੰ ਫਿਰ ਤੋਂ ਜਗਾ ਦਿੱਤਾ ਹੈ, ਜਿਸ ਨਾਲ ਕੀਮਤੀ ਧਾਤਾਂ ਦੀ ਖਿੱਚ ਘਟ ਗਈ ਹੈ। ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ, ਸਪਾਟ ਸੋਨਾ 90.53 ਡਾਲਰ ਜਾਂ 2.13 ਪ੍ਰਤੀਸ਼ਤ ਡਿੱਗ ਕੇ 4,168.99 ਡਾਲਰ ਪ੍ਰਤੀ ਔਂਸ 'ਤੇ ਆ ਗਿਆ ਅਤੇ ਚਾਂਦੀ 2.24 ਪ੍ਰਤੀਸ਼ਤ ਡਿੱਗ ਕੇ 63.87 ਡਾਲਰ ਪ੍ਰਤੀ ਔਂਸ 'ਤੇ ਆ ਗਈ। "ਵਿਦੇਸ਼ੀ ਬਾਜ਼ਾਰਾਂ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ। ਦੋਵਾਂ ਕੀਮਤੀ ਧਾਤਾਂ ਵਿੱਚ ਗਿਰਾਵਟ ਡਾਲਰ ਦੇ ਮਜ਼ਬੂਤ ਹੋਣ ਅਤੇ ਅਮਰੀਕੀ ਖਜ਼ਾਨਾ ਬਾਂਡ ਉਪਜ ਵਿੱਚ ਵਾਧੇ ਕਾਰਨ ਹੋਈ, ਜਿਸ ਨੇ ਚੱਲ ਰਹੇ ਭੂ-ਰਾਜਨੀਤਿਕ ਤਣਾਅ ਅਤੇ ਮਹਿੰਗਾਈ ਦੀਆਂ ਚਿੰਤਾਵਾਂ ਦੇ ਵਿਚਕਾਰ ਇਨ੍ਹਾਂ ਸਰਾਫਾ ਬਾਜ਼ਾਰਾਂ ਦੀ ਅਪੀਲ ਨੂੰ ਘਟਾ ਦਿੱਤਾ," ਲੈਮਨ ਮਾਰਕੀਟ ਡੈਸਕ ਦੇ ਖੋਜ ਵਿਸ਼ਲੇਸ਼ਕ ਗੌਰਵ ਗਰਗ ਨੇ ਕਿਹਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਨੈਨਾ ਦੇਵੀ ਮੰਦਰ ਨੇੜੇ ਜੰਗਲ ਵਿੱਚ ਲੱਗੀ ਅੱਗ, 350 ਸ਼ਰਧਾਲੂਆਂ ਨੂੰ ਸੁਰੱਖਿਅਤ ਬਚਾਇਆ

**ਧਰਮਸ਼ਾਲਾ।** ਕਾਂਗੜਾ ਜ਼ਿਲ੍ਹੇ ਦੀ ਨਗਰੋਟਾ ਬਗਵਾਂ ਸਬ-ਡਿਵੀਜ਼ਨ ਦੇ ਪਟਿਆਲਕਰ (ਧਲੂਣ) ਖੇਤਰ ਵਿੱਚ ਸਥਿਤ ਨੈਨਾ ਦੇਵੀ ਮੰਦਰ ਦੇ ਨੇੜੇ ਜੰਗਲ ਵਿੱਚ ਅੱਗ ਲੱਗ ਗਈ। ਇਸ ਦੌਰਾਨ ਬੀਤੀ ਰਾਤ ਚਲਾਏ ਗਏ ਇੱਕ ਵੱਡੇ ਬਚਾਅ ਕਾਰਜ ਦੌਰਾਨ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਸਮੇਤ ਲਗਪਗ 350 ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਹ ਸ਼ਰਧਾਲੂ ਪਹਾੜੀ ਦੀ ਚੋਟੀ ਤੇ ਸਥਿਤ ਮੰਦਰ ਵਿੱਚ ਭੰਡਾਰੇ ਅਤੇ ਜਾਗਰਣ ਲਈ ਇਕੱਠੇ ਹੋਏ ਸਨ, ਜਦੋਂ ਆਲੇ-ਦੁਆਲੇ ਦੇ ਜੰਗਲਾਂ ਵਿੱਚ ਅੱਗ ਲੱਗ ਗਈ। ਦਿਨ ਵੇਲੇ ਲੱਗੀ ਇਹ ਅੱਗ ਸ਼ਾਮ ਤੱਕ ਭਿਆਨਕ ਰੂਪ ਧਾਰਨ ਕਰ ਗਈ। ਅਧਿਕਾਰੀਆਂ ਅਨੁਸਾਰ ਸੜਕ ਦੇ ਦੋਵੇਂ ਪਾਸੇ ਲਗਭਗ ਤਿੰਨ ਕਿਲੋਮੀਟਰ ਤੱਕ ਭਿਆਨਕ ਅੱਗ ਭੜਕ ਰਹੀ ਸੀ, ਜਿਸ ਨੇ ਬਾਹਰ ਨਿਕਲਣ ਦਾ ਰਸਤਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਅਤੇ ਸ਼ਰਧਾਲੂ ਉੱਥੇ ਹੀ ਫਸ ਕੇ ਰਹਿ ਗਏ। ਨਗਰੋਟਾ ਬਗਵਾਂ ਦੇ ਐਸ.ਡੀ.ਐਮ. ਮੁਨੀਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਅੱਗ ਬੁਝਾਉਣ ਦਾ ਕੰਮ ਸ਼ਾਮ 4 ਵਜੇ ਦੇ ਕਰੀਬ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਾਡੀ ਪਹਿਲੀ ਤਰਜੀਹ ਬਾਹਰ ਨਿਕਲਣ ਲਈ ਇੱਕ ਸੁਰੱਖਿਅਤ ਰਸਤਾ ਬਣਾਉਣਾ ਸੀ। ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਸੜਕ ਦੇ ਕਿਨਾਰੇ ਲੱਗੀ ਅੱਗ ਨੂੰ ਬੁਝਾਉਣ ਤੇ ਧਿਆਨ ਕੇਂਦਰਿਤ ਕੀਤਾ ਤਾਂ ਜੋ ਵਾਹਨ ਮੰਦਰ ਤੱਕ ਪਹੁੰਚ ਸਕਣ ਅਤੇ ਉੱਥੇ ਫਸੇ ਲੋਕਾਂ ਨੂੰ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਸੜਕ ਕਿਨਾਰੇ ਲੱਗੀ ਅੱਗ ਤੇ ਕਾਬੂ ਪਾਉਣ ਲਈ ਕਰੀਬ ਪੰਜ ਘੰਟੇ ਦਾ ਸਮਾਂ ਲੱਗਿਆ। ਉਨ੍ਹਾਂ ਅੱਗੇ ਕਿਹਾ ਕਿ ਰਾਤ ਨੂੰ ਲਗਪਗ 9 ਵਜੇ ਤੱਕ ਰਸਤਾ ਕਾਫ਼ੀ ਹੱਦ ਤੱਕ ਸੁਰੱਖਿਅਤ ਕਰ ਲਿਆ ਗਿਆ ਸੀ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਨੂੰ ਬਾਹਰ ਕੱਢਣ ਦਾ ਕੰਮ ਰਾਤ 9:10 ਵਜੇ ਦੇ ਕਰੀਬ ਸ਼ੁਰੂ ਹੋਇਆ ਅਤੇ ਰਾਤ 10:45 ਵਜੇ ਤੱਕ ਸਾਰੇ ਫਸੇ ਹੋਏ ਸ਼ਰਧਾਲੂਆਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ ਗਿਆ। ਕਾਂਗੜਾ ਦੇ ਪੁਲੀਸ ਸੁਪਰਡੈਂਟ ਅਸ਼ੋਕ ਰਤਨ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਐਮਰਜੈਂਸੀ ਟੀਮਾਂ ਤੁਰੰਤ ਮੌਕੇ ਤੇ ਪਹੁੰਚ ਗਈਆਂ ਸਨ। ਉਨ੍ਹਾਂ ਕਿਹਾ ਕਿ ਸਾਰੀਆਂ ਏਜੰਸੀਆਂ ਨੇ ਆਪਸੀ ਤਾਲਮੇਲ ਨਾਲ ਕੰਮ ਕੀਤਾ ਅਤੇ ਬਚਾਅ ਰੂਟ ਤੇ ਲੱਗੀ ਅੱਗ ਤੇ ਕਾਬੂ ਪਾਉਣ ਵਿੱਚ ਸਫ਼ਲਤਾ ਹਾਸਲ ਕੀਤੀ, ਜਿਸ ਨਾਲ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਸਕਿਆ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੰਡਨ 'ਚ 36ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਭਾਰਤੀ ਮੂਲ ਦੇ ਪਰਿਵਾਰ ਦੇ 3 ਮੈਂਬਰਾਂ ਦੀ ਮੌਤ

**ਲੰਡਨ :** ਦੱਖਣੀ ਲੰਡਨ ਦੇ ਐਲੀਫੈਂਟ ਐਂਡ ਕੈਸਲ ਇਲਾਕੇ ਵਿਚ ਇਕ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਇਕ ਬਹੁ ਮੰਜ਼ਲੀ ਇਮਾਰਤ ਦੀ 36ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਇਕ ਭਾਰਤੀ ਮੂਲ ਦੇ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਹੈ। ਪੁਲਿਸ ਇਸ ਮਾਮਲੇ ਨੂੰ ਖ਼ੁਦਕੁਸ਼ੀ ਦੇ ਰੂਪ ਵਿੱਚ ਦੇਖ ਰਹੀ ਹੈ। ਮ੍ਰਿਤਕਾਂ ਦੀ ਪਛਾਣ ਜਨਤਕ ਕਰਦਿਆਂ ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਰਾਕੇਸ਼ ਪਾਈ (47) ਇਕ ਫਾਈਨੈਂਸ਼ੀਅਲ ਕੰਸਲਟੈਂਟ ਤੇ ਸਾਬਕਾ ਬੈਂਕ ਅਧਿਕਾਰੀ, ਉਹਨਾਂ ਦੀ ਪਤਨੀ ਅਦਿਤੀ ਪਰਾਲਕਰ (46) ਜੋ ਕੰਸਟ੍ਰਕਸ਼ਨ ਸੈਕਟਰ ਵਿੱਚ ਇੱਕ ਸੀਨੀਅਰ ਕੰਸਲਟੈਂਟ ਵਜੋਂ ਕੰਮ ਕਰ ਰਹੀ ਸੀ ਤੇ ਉਹਨਾਂ ਦਾ 9 ਸਾਲਾਂ ਦਾ ਪੁੱਤਰ ਬੇਟਾ ਸਿਧਾਰਥ ਜੋ ਜਨਮ ਤੋਂ ਹੀ ਕਈ ਗੰਭੀਰ ਬਿਮਾਰੀਆਂ ਨਾਲ ਜੂਝ ਰਿਹਾ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਰਿਵਾਰਕ ਦੋਸਤਾਂ ਮੁਤਾਬਕ, ਇਹ ਹਾਦਸਾ ਬੱਚੇ ਦੀ ਗੰਭੀਰ



ਬਿਮਾਰੀ ਦੇ ਚੱਲਦਿਆਂ ਪੈਦਾ ਹੋਏ ਮਾਨਸਿਕ ਅਤੇ ਭਾਵਨਾਤਮਕ ਤਣਾਅ ਦਾ ਨਤੀਜਾ ਪ੍ਰਤੀਤ ਹੁੰਦਾ ਹੈ। ਇਹ ਪਰਿਵਾਰ ਆਪਣੇ ਬੱਚੇ ਦੇ ਇਲਾਜ ਲਈ ਕੁਝ ਸਮਾਂ ਪਹਿਲਾਂ ਮੁੰਬਈ (ਭਾਰਤ) ਵੀ ਗਿਆ ਸੀ, ਤਾਂ ਜੋ ਉੱਥੇ ਪਰਿਵਾਰਕ ਮਦਦ ਅਤੇ ਬਿਹਤਰ ਇਲਾਜ ਮਿਲ ਸਕੇ। ਪਰ ਜਦੋਂ ਬੱਚੇ ਦੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ, ਤਾਂ ਉਹ ਵਾਪਸ ਯੂ.ਕੇ. ਆ ਗਏ। ਦੱਸਿਆ ਜਾ ਰਿਹਾ ਹੈ ਕਿ ਡਾਕਟਰਾਂ ਵੱਲੋਂ ਇਹ ਕਹਿਣ ਤੋਂ ਬਾਅਦ ਕਿ ਹੁਣ ਬੱਚੇ ਦਾ ਕੋਈ ਹੋਰ ਇਲਾਜ ਸੰਭਵ ਨਹੀਂ ਹੈ, ਮਾਪੇ ਪੂਰੀ ਤਰ੍ਹਾਂ ਟੁੱਟ ਚੁੱਕੇ ਸਨ। ਮੈਟਰੋਪੋਲੀਟਨ ਪੁਲਿਸ ਮੁਤਾਬਕ ਇਹ ਘਟਨਾ 27 ਮਈ ਨੂੰ ਸਵੇਰੇ ਤੜਕੇ ਵਾਪਰੀ। ਐਮਰਜੈਂਸੀ ਸੇਵਾਵਾਂ ਦੇ ਮੌਕੇ 'ਤੇ ਪਹੁੰਚਣ ਦੇ ਬਾਵਜੂਦ, ਤਿੰਨਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

## ਹਰਿਆਣਵੀ ਡਾਂਸਰ ਅਤੇ ਗਾਇਕਾ ਸਪਨਾ ਚੌਧਰੀ ਨੇ ਛੱਡਿਆ ਸਹੁਰਾ ਘਰ



**ਸੋਨੀਪਤ:** ਹਰਿਆਣਵੀ ਡਾਂਸਰ-ਸਿੰਗਰ ਸਪਨਾ ਚੌਧਰੀ ਦੀ ਨਿੱਜੀ ਜ਼ਿੰਦਗੀ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ । ਸਪਨਾ ਨੇ ਆਪਣੇ ਪਤੀ ਵੀਰ ਸਾਹੂ ਖ਼ਿਲਾਫ਼ ਕੁੱਟਮਾਰ ਦਾ ਮਾਮਲਾ ਦਰਜ ਕਰਵਾਉਂਦੇ ਹੋਏ ਦਿੱਲੀ ਦੀ ਦਵਾਰਕਾ ਮਹਿਲਾ ਅਦਾਲਤ (ਕੋਰਟ) ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਮੰਗਲਵਾਰ ਨੂੰ ਕੋਰਟ ਨੇ ਸ਼ੁਰੂਆਤੀ ਸੁਣਵਾਈ ਵਿੱਚ ਸਪਨਾ ਨੂੰ ਅੰਤ੍ਰਿਤ ਰਾਹਤ ਦਿੰਦੇ ਹੋਏ ਵੀਰ ਸਾਹੂ ਨੂੰ ਅਗਲੀ ਸੁਣਵਾਈ ਤੱਕ ਉਨ੍ਹਾਂ ਦੇ ਸੰਪਰਕ ਵਿੱਚ ਆਉਣ, ਘਰ ਜਾਂ ਕੰਮ ਵਾਲੀ ਥਾਂ 'ਤੇ ਜਾਣ ਅਤੇ ਕਿਸੇ ਵੀ ਤਰ੍ਹਾਂ ਪਰੇਸ਼ਾਨ ਕਰਨ ਤੋਂ ਰੋਕ ਦਿੱਤਾ ਹੈ। ਸਪਨਾ ਵੱਲੋਂ ਕੋਰਟ ਵਿੱਚ ਵੀਡੀਓ, ਆਡੀਓ ਅਤੇ ਹੋਰ ਇਲੈਕਟ੍ਰਾਨਿਕ ਸਬੂਤ ਵੀ ਪੇਸ਼ ਕੀਤੇ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ।

ਵਿਵਾਦ ਤੋਂ ਬਾਅਦ ਸਪਨਾ ਸਹੁਰਾ ਘਰ ਛੱਡ ਚੁੱਕੀ ਹੈ। ਫਿਲਹਾਲ ਉਹ ਦਿੱਲੀ ਦੇ ਨਜਫ਼ਗੜ੍ਹ ਸਥਿਤ ਆਪਣੇ ਪੇਕੇ ਘਰ ਰਹਿ ਰਹੀ ਹੈ। ਸਪਨਾ ਚੌਧਰੀ ਅਤੇ ਵੀਰ ਸਾਹੂ ਨੇ ਸਾਲ 2020 ਵਿੱਚ ਲਵ ਮੈਰਿਜ (ਪ੍ਰੇਮ ਵਿਆਹ) ਕੀਤਾ ਸੀ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਕਾਂਗਰਸ ਪਾਰਟੀ ਬਲਾਚੌਰ ਦਾ ਵਰਕਰ ਪੂਰੀ ਤਰਾਂ ਮੁਸਤੈਦ- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਪਾਰਟੀ ਦਾ ਵਰਕਰ ਭਵਿੱਖ ਲਈ ਪੂਰੀ ਤਰਾਂ ਤਿਆਰ ਹੈ ਇਹੋ ਕਹਿਣਾ ਹੈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਧਾਨ ਅਜੇ ਮੰਗੂਪੁਰ ਦਾ।

ਬੀਤੇ ਦਿਨੀ ਐਸ ਆਈ ਆਰ ਨਾਲ ਸੰਬੰਧਿਤ ਕਾਂਗਰਸ ਪਾਰਟੀ ਦਫਤਰ ਬਲਾਚੌਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਕਾਂਗਰਸ ਪਾਰਟੀ ਵੱਲੋਂ ਤੈਨਾਤ ਕੀਤੇ ਗਏ ਸਾਰੇ ਹੀ ਬੀ ਬੀ ਐਲ ਏ ਨੇ ਬੜੇ ਉਤਸਾਹ ਨਾਲ ਮੀਟਿੰਗ ਵਿੱਚ ਹਿੱਸਾ ਲਿਆ। ਮੀਟਿੰਗ ਦੀ ਅਗਵਾਈ ਕਰਦਿਆਂ ਸ਼੍ਰੀ ਵਿਕਾਸ ਸੰਗਰ ਐਸ ਆਈ ਆਰ ਕੋ-ਆਰਡੀਨੇਟਰ ਵੱਲੋਂ ਸਾਰੇ ਹੀ ਕਾਂਗਰਸੀ ਸਾਥੀਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਤੋਂ ਜਾਣੂ ਕਰਾਇਆ ਗਿਆ। ਇਸ ਉਪਰੰਤ ਸ਼੍ਰੀ ਅਮ੍ਰਿਤਪਾਲ ਭੋਸਲੇ ਵੱਲੋਂ ਵਿਸਤਾਰ ਪੂਰਵਕ ਐਸ ਆਈ ਆਰ ਬਾਰੇ ਸਮਝਾਇਆ ਗਿਆ ਅਤੇ ਇਸ ਦੀ ਮੱਹਤਤਾ ਬਾਰੇ ਦੱਸਿਆ ਗਿਆ। ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਵੱਲੋਂ ਆਪਣੇ ਸਾਰੇ ਹੀ ਸਾਥੀਆਂ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਸੰਬੰਧੀ ਮਿਹਨਤ ਕਰਨ ਲਈ ਪ੍ਰੇਰਿਆ



ਗਿਆ ਜਿਸ ਤੇ ਸਾਰੇ ਹੀ ਸਾਥੀਆਂ ਵੱਲੋਂ ਹੱਥ ਖੜੇ ਕਰ ਉਨ੍ਹਾਂ ਨੂੰ ਮਨਜ਼ੂਰੀ ਅਤੇ ਆਸ਼ਵਾਸਨ ਦਿੱਤਾ ਗਿਆ ਕਿ ਕਾਂਗਰਸ ਪਾਰਟੀ ਦਾ ਹਰ ਇੱਕ ਵਰਕਰ ਅਜੇ ਮੰਗੂਪੁਰ ਅਤੇ ਕਾਂਗਰਸ ਪਾਰਟੀ ਲਈ ਦਿਨ-ਰਾਤ ਇੱਕ ਕਰ ਦੇਵੇਗਾ। ਇਸ ਮੀਟਿੰਗ ਉਪਰੰਤ ਐਸ ਆਈ ਆਰ ਨਾਲ ਸੰਬੰਧਿਤ ਇੱਕ ਪ੍ਰੈਸ ਕਾਨਫਰੰਸ ਵੀ ਕੀਤੀ ਗਈ ਜਿਸ ਵਿੱਚ ਐਸ ਆਈ ਆਰ ਬਾਰੇ ਤੱਥਾਂ ਨੂੰ ਜਨਤਕ ਕੀਤਾ ਗਿਆ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਸ਼੍ਰੀ



ਵਿਕਾਸ ਸੰਗਰ ਐਸ ਆਈ ਆਰ ਕੋ-ਆਰਡੀਨੇਟਰ, ਸ਼੍ਰੀ ਅਮ੍ਰਿਤਪਾਲ ਭੋਸਲੇ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਧਰਮਪਾਲ ਸਾਬਕਾ ਚੇਅਰਮੈਨ, ਨਾਨਕ ਸਿੰਘ ਜੰਡੀ ਚੇਅਰਮੈਨ ਬਲਾਕ ਸੰਮਤੀ ਬਲਾਚੌਰ, ਪ੍ਰੇਮ ਕੁਮਾਰ ਚੇਅਰਮੈਨ ਜਵਾਹਰ ਬਾਲ ਮੰਚ, ਰਾਜਿੰਦਰ ਸਿੰਘ ਸ਼ਿੰਦੀ ਦਫਤਰ ਸੱਕਤਰ ਡੀ.ਸੀ.ਸੀ., ਸੁਰਿੰਦਰ ਸ਼ਿੰਦਾ ਬੁਲ-ੑਰਾ ਡੀ.ਸੀ.ਸੀ. ਅਤੇ ਕਾਂਗਰਸ ਪਾਰਟੀ ਦੇ ਮਿਹਨਤੀ ਵਰਕਰ ਹਾਜ਼ਰ ਸਨ।

# ਖਹਿਰਾ ਭਰਾਵਾਂ ਨੇ ਇੱਕ ਕਨਾਲ ਜ਼ਮੀਨ ’ਚ ਜੰਗਲ ਲਗਾਇਆ

**ਰਾਏਕੋਟ, ਜੂਨ--ਗੁਰਭਿੰਦਰ ਗੁਰੀ।** -ਗਰੀਨ ਪੰਜਾਬ ਮਿਸ਼ਨ ਦੇ ਮੁੱਖ ਸੰਸਥਾਪਕ ਸਤਪਾਲ ਸਿੰਘ ਦੇਹੜਕਾ ਦੀ ਅਗਵਾਈ ਹੇਠ ਪਿੰਡ ਦੇਹੜਕਾ ਵਿਖੇ ਖਹਿਰਾ ਪਰਿਵਾਰ ਵੱਲੋਂ ਆਪਣੇ ਪੁਰਖਿਆਂ ਦੀ ਯਾਦ ਨੂੰ ਸਮਰਪਿਤ ਇੱਕ ਕਨਾਲ ਜ਼ਮੀਨ ਵਾਤਾਵਰਣ ਦੇ ਹਵਾਲੇ ਕਰਕੇ ਉਸ ਵਿੱਚ ਰਵਾਇਤੀ ਬੂਟਿਆਂ ਦਾ ਜੰਗਲ ਲਾਇਆ ਗਿਆ ਸ਼ਹੀਦ ਬਾਬਾ ਰੂੜ ਸਿੰਘ ਖਹਿਰਾ ਦੀ ਯਾਦ ’ਚ ਕੀਤੇ ਇਸ ਉਪਰਾ-ਲੇ ਰਾਹੀਂ ਖਹਿਰਾ ਭਰਾਵਾਂ ਨੇ ਸਮਾਜ ਅੱਗੇ ਇੱਕ ਨਵੀਂ ਅਤੇ ਪ੍ਰੇਰਨਾਦਾਇਕ ਮਿਸਾਲ ਕਾਇਮ ਕੀਤੀ ਹੈ।ਇਸ ਮੌਕੇ ਉੱਘੇ ਨਾਵਲਕਾਰ ਜਸਵਿੰਦਰ ਸਿੰਘ ਛਿੰਦਾ, ਬਲਵਿੰਦਰ ਸਿੰਘ ਖਹਿਰਾ, ਜਰਨੈਲ ਸਿੰਘ ਖਹਿਰਾ ਅਤੇ ਕਰਨੈਲ ਸਿੰਘ ਖਹਿਰਾ ਦੇ ਖੇਤ ’ਚ ਕਰੀਬ 100 ਫਲਦਾਰ, ਫੁੱਲਦਾਰ ਅਤੇ ਛਾਂਦਾਰ ਬੂਟੇ ਲਾ ਕੇ ਇੱਕ ਛੋਟੇ ਜੰਗਲ ਦੀ ਨੀਂਹ ਰੱਖੀ ਗਈ।ਇਸ ਮੁਹਿੰਮ ਦੀ ਸ਼ੁਰੂਆਤ ਭਾਰਤੀ ਕਿਸਾਨ



ਯੂਨੀਅਨ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ, ਪ੍ਰਧਾਨ ਚੰਦ ਸਿੰਘ ਡੱਲਾ, ਬਲਾਕ ਸੰਮਤੀ ਮੈਂਬਰ ਜਥੇਦਾਰ ਸੁਖਦੇਵ ਸਿੰਘ ਖਹਿਰਾ, ਸਰਪੰਚ ਰਾਜਪ੍ਰੀਤ ਕੌਰ ਸਿੱਧੂ,ਨੰਬੜਦਾਰ ਜਸਵੀਰ ਸਿੰਘ ਸਿੱਧੂ, ਸਾਬਕਾ ਪ੍ਰਧਾਨ ਸਰਬਜੀਤ ਸਿੰਘ ਖਹਿਰਾ,ਉੱਘੇ ਸਮਾਜ ਸੇਵਿਕਾ ਬੀਬੀ ਮਨਜੀਤ ਕੌਰ ਦੇਹੜਕਾ ਨੇ ਬੂਟੇ ਲਾ ਕੇ ਕੀਤੀ।ਇਸ ਮੌਕੇ ਮਹਿੰਦਰ ਸਿੰਘ ਕਮਾਲਪੁਰਾ ਨੇ ਕਿਹਾ ਕਿ ਆਲਮੀ ਤਪਸ਼ ਅਤੇ ਵਾਤਾਵਰਣੀ ਸੰਕਟ ਦੇ ਇਸ ਦੌਰ ’ਚ ਰੁੱਖ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਖਹਿਰਾ ਪਰਿਵਾਰ ਵੱਲੋਂ ਆਪਣੇ ਪੁਰਖਿਆਂ ਦੇ ਨਾਂਅ ’ਤੇ ਜੰਗਲ ਲਾ ਕੇ ਨਾ ਸਿਰਫ਼ ਉਨ੍ਹਾਂ ਦੀ ਯਾਦ ਨੂੰ ਸਤਿਕ-ਾਰ ਦਿੱਤਾ, ਸਗੋਂ ਸਮਾਜ ਨੂੰ ਵਾਤਾਵਰਣ ਬਚਾਉਣ ਦਾ ਸੰਦੇਸ਼ ਵੀ ਦਿੱਤਾ ਗਿਆ ਹੈ।ਗਰੀਨ ਪੰਜਾਬ ਮਿਸ਼ਨ ਦੇ ਸੰਸਥਾਪਕ ਸਤਪਾਲ ਸਿੰਘ ਦੇਹੜਕਾ ਨੇ ਕਿਹਾ ਕਿ ਉਨ੍ਹਾਂ ਦਾ ਲੰਮੇ ਸਮੇਂ ਤੋਂ ਸੁਪਨਾ ਸੀ ਕਿ ਪਿੰਡ ਦੇਹੜਕਾ ਵਿਚ ਕੋਈ ਅਜਿਹਾ ।ਜੰਗਲ ਸਥਾਪਿਤ ਕੀਤਾ ਜਾਵੇ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿਆਵਲ ਅਤੇ ਸਾਫ਼ ਵਾਤਾਵਰਣ ਦਾ ਸੁਨੇਹਾ ਬਣੇ ਉਨ੍ਹਾਂ ਕਿਹਾ ਕਿ ਖਹਿਰਾ ਪਰਿਵਾਰ ਦੇ ਸਹਿਯੋਗ ਨਾਲ ਇਹ ਸੁਪਨਾ ਸਾਕਾਰ ਹੋਇਆ ਹੈ ਅਤੇ ਇਹ ਉਪਰਾਲਾ ਹੋਰਨਾਂ ਲਈ ਵੀ ਪ੍ਰੇਰਣਾ ਬਣੇਗਾ।ਇਸ ਮੌਕੇ ਉਨ੍ਹਾ ਨਾਲ ਬਲਵਿੰਦਰ ਸਿੰਘ ਕਮਾਲਪੁਰਾ, ਪਰਮਜੀਤ ਸਿੰਘ ਸਿੱਧੂ, ਅਮਨਦੀਪ ਸਿੰਘ ਖਹਿਰਾ, ਦਿਲਪ੍ਰੀਤ ਸਿੰਘ ਖਹਿਰਾ, ਰਾਮ ਸਿੰਘ ਰਾਮਾਂ, ਅਵਤਾਰ ਸਿੰਘ ਸਿੱਧੂ, ਚਮਕੌਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਸੰਧੂ, ਤਰਨਵੀਰ ਸਿੰਘ ਸੰਧੂ,ਜਗਰਾਜ ਸਿੰਘ,ਸਮੂਹ ਪੰਚਾਇਤ ਦੇਹੜਕਾ ਹਾਜ਼ਰ ਸੀ।

# ਲੇਖਕ ਹਰਚਰਨ ਸਿੰਘ ਸੰਧੂ ਦੀ ਪੁਸਤਕ ‘ਜਿਨ੍ਹਾਂ ਨੈਣ ਨੀਂਦ੍ਰਾਵਲੇ’ ਲੋਕ ਅਰਪਿਤ



**ਰਾਏਕੋਟ, ਜੂਨ--ਗੁਰਭਿੰਦਰ ਗੁਰੀ**

ਸਾਬਕਾ ਏ.ਡੀ.ਸੀ ਲੇਖਕ ਹਰਚਰਨ ਸਿੰਘ ਸੰਧੂ ਦੀ ਪਲੇਠੀ ਪੁਸਤਕ ‘ਜਿਨ੍ਹਾਂ ਨੈਣ ਨੀਂਦ੍ਰਾਵਲੇ’ ਸਥਾਨਿਕ ਕਸਬਾ ਵਿਖੇ ਸ਼੍ਰੀ ਹਰਕੇਸ਼ ਚੌਧਰੀ ਦੀ ਅਗਵਾਈ ਹੇਠ ਲੋਕ ਅਰਪਿਤ ਕੀਤੀ ਗਈ।ਇਸ ਮੌਕੇ ਉੱਘੇ ਰੰਗ ਕਰਮੀ ਡਾ.ਨਿਰਮਲ ਸਿੰਘ ਜੌੜਾ,ਨੈਸਨਲ ਅਤੇ ਸਟੇਟ ਐਵਾਰਡ ਪ੍ਰਾਪਤ ਲੇਖਕ ਅਮਰੀਕ ਸਿੰਘ ਤਲਵੰਡੀ,ਉੱਘੇ ਨਾਟਕਕਾਰ ਸ਼ਬਦੀਸ਼,ਅਨੀਤਾ ਸ਼ਬਦੀਸ਼, ਅੰਜੂ ਚੌਧਰੀ,ਮਾਸਟਰ ਉਜਾਗਰ ਸਿੰਘ,ਸੁਖਵਿੰਦਰ ਗਿੱਲ,ਕੇ.ਸਾਧੂ,ਦੀਪਕ ਰਾਏ,ਜਰਮਨਜੀਤ ਨੇ ਸਾਬਕਾ ਏ.ਡੀ.ਸੀ ਲੇਖਕ ਹਰਚਰਨ ਸਿੰਘ ਸੰਧੂ ਨੂੰ ਮੁਬਾਕਰਾ ਦਿੰਦਿਆ ਕਿਹਾ ਕਿ ਅਜਿਹੀਆ ਕਿਤਾਬਾ ਲਿਖਣੀਆ ਅੱਜ ਸਮੇਂ ਦੀ ਮੁੱਖ ਲੋੜ ਹਨ ਕਿਉਕਿ ਅੱਜ ਦਾ ਨੌਜਵਾਨ ਵਰਗ ਕਿਤਾਬਾ ਤੋ ਦੂਰ ਹੋ ਕੇ ਮੋਬਾਇਲ ਵਿਚ ਰੁੱਝ ਗਿਆ ਹੈ।ਉਨ੍ਹਾ ਕਿਹਾ ਕਿ ਕਿਤਾਬਾ ਜਿਥੇ ਸਾਨੂੰ ਗਿਆਨ ਵੰਡਦੀਆ ਹਨ।ਉਥੇ ਕਿਤਾਬਾ ਸਾਨੂੰ ਜਿੰਦਗੀ ਜਿਉਣ ਦੀ ਸਹੀ ਸੇਧ ਵੀ ਦਿੰਦਿਆ ਹਨ।ਇਸ ਮੌਕੇ ਦੀਪਕ ਰਾਏ ਨੇ ਇੱਕ ਰਚਨਾ ਸਾਂਝੀ ਕੀਤੀ ,ਜਿਸ ਨੂੰ ਸਰੋਤਿਆਂ ਨੇ ਬੇਹੱਦ ਪਸੰਦ ਕੀਤਾ।ਇਸ ਉਪਰੰਤ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ਹੇਠ ਬਹੁਤ ਹੀ ਪਿਆਰਾ ਨਾਟਕ ‘ਵਕਤ ਤੈਨੂੰ ਸਲਾਮ’ ਖੇਡਿਆ ਗਿਆ ਜਿਸ ਨੂੰ ਦਰਸ਼ਕਾਂ ਨੇ ਬਿਨਾਂ ਅੱਖ ਝਮਕੇ ਵੇਖਿਆ ਅਤੇ ਕਲਾਕਾਰਾਂ ਦੀ ਖਲ੍ਹੋ ਕੇ ਜ਼ੋਰਦਾਰ ਤਾੜੀਆਂ ਵਜਾਕੇ ਹੌਂਸਲਾ ਅਫਜ਼ਾਈ ਕੀਤੀ।ਇਸ ਮੌਕੇ ਉੱਘੇ ਨਾਟਕਕਾਰ ਸ਼ਬਦੀਸ਼ ਅਤੇ ਅਨੀਤਾ ਸ਼ਬਦੀਸ਼ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ।ਅੰਤ ਵਿਚ ਗੀਤਕਾਰ ਅਮਰੀਕ ਸਿੰਘ ਤਲਵੰਡੀ ਨੇ ਵੱਡੀ ਗਿਣਤੀ ਵਿਚ ਪਹੁੰਚੇ ਇਲਾਕਾ ਨਿਵਾਸੀਆ ਅਤੇ ਲੇਖਕਾ ਦਾ ਧੰਨਵਾਦ ਕੀਤਾ।

# ਭਗਵਾਨ ਬਾਲਮੀਕ ਜੀ ਦੀ ਯਾਦ ਵਿਚ ਧਾਰਮਿਕ ਸਮਾਗਮ ਕਰਵਾਏ

**ਰਾਏਕੋਟ (ਗੁਰਭਿੰਦਰ ਗੁਰੀ)** -ਸਮੂਹ ਪਿੰਡ ਵਾਸੀਆ ਦੇ ਸਹਿਯੋਗ ਨਾਲ ਭਗਵਾਨ ਬਾਲਮੀਕ ਦੀ ਯਾਦ ਨੂੰ ਸਮਰਪਿਤ ਚਮਕੌਰ ਸਿੰਘ ਦੀ ਅਗਵਾਈ ਹੇਠ ਪਿੰਡ ਮੱਲ੍ਹਾ ਵਿਖੇ ਧਾਰਮਿਕ ਸਮਾਗਮ ਕਰਵਾਏ ਗਏ।ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਅਜਾਗਰ ਸਿੰਘ ਲੋਪੋ ਵਾਲਿਆ ਦੇ ਕਵੀਸਰੀ ਜੱਥੇ ਨੇ ਭਗਵਾਨ ਬਾਲਮੀਕ ਜੀ ਦਾ ਇਤਹਾਸ ਸੁਣਾ ਕੇ ਸੰਗਤਾ ਨੂੰ ਨਿਹਾਲ ਕੀਤਾ।ਇਸ ਮੌਕੇ ਸੇਵਾਦਾਰਾ ਵੱਲੋ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਵੀਲ ਲਗਾਈ ਗਈ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ



ਗੁਰਪਿੰਦਰਪਾਲ ਸਿੰਘ ਮੱਲ੍ਹਾ ਨੇ ਨਿਭਾਈ।ਇਸ ਮੌਕੇ ਚਮਕੌਰ ਸਿੰਘ ਨੇ ਕਵੀਸਰੀ ਜੱਥੇ ਭਾਈ ਅਜਾਗਰ ਸਿੰਘ ਲੋਪੋ ਵਾਲਿਆ ਅਤੇ ਸਮੂਹ ਸੇਵਦਾਰਾ ਨੂੰ ਸਿਰਪਾਓ ਦੇ ਕੇ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਅਤੇ ਪਿੰਡ ਵਾਸੀਆ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਨਾਲ ਸਰਪੰਚ ਗੁਰਮੇਲ ਸਿੰਘ ਮੱਲ੍ਹਾ, ਯੂਥ ਆਗੂ ਸਤਨਾਮ ਸਿੰਘ ਸਰਾਂ,ਭੋਲਾ ਸਿੰਘ,ਕਰਮਜੀਤ ਸਿੰਘ,ਮਲਕੀਤ ਸਿੰਘ,ਗਿਆਨੀ ਪਰਮਜੀਤ ਸਿੰਘ,ਅੰਮ੍ਰਿਤ ਸਿੰਘ,ਸੁੱਖਾ ਸਿੰਘ ਆਦਿ ਸੰਗਤ ਹਾਜ਼ਰ ਸੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਵੱਧ ਰਹੇ ਤਾਪਮਾਨ 'ਚ ਬੱਚਿਆਂ ਅਤੇ ਬਜ਼ੁਰਗਾਂ ਦਾ ਖਾਸ ਖਿਆਲ ਰੱਖਣਾ ਲਾਜ਼ਮੀ: ਡਾ. ਸ਼ੈਲਜਾ ਸ਼ਰਮਾ

## ਸੈਂਟਰੀਏਂਟ ਫਾਰਮਾਸਿਊਟੀਕਲ ਅਤੇ ਸਫੇਰੂਲ ਫਾਊਂਡੇਸ਼ਨ ਵੱਲੋਂ ਲਗਾਏ ਮੈਡੀਕਲ ਕੈਂਪ ਦੌਰਾਨ 70 ਦੇ ਕਰੀਬ ਮਰੀਜ਼ਾਂ ਦੀ ਜਾਂਚ, ਮੁਫ਼ਤ ਦਵਾਈਆਂ ਵੰਡੀਆਂ

**ਨਵਾਸ਼ਹਿਰ /ਕਾਠਗੜ੍ਹ, 10 ਜੂਨ (ਜਤਿੰਦਰ ਪਾਲ ਸਿੰਘ ਕਲੇਰ ):** ਰੋਪੜ-ਬਲਾਚੌਰ ਨੈਸ਼ਨਲ ਹਾਈਵੇ 'ਤੇ ਸਥਿਤ ਟੌਂਸਾ ਦੇ ਸੈਂਟਰੀਏਂਟ ਫਾਰਮਾਸਿਊਟੀਕਲ ਦੇ ਪ੍ਰਬੰਧਕਾਂ ਦੇ ਮਾਰਗਦਰਸ਼ਨ ਹੇਠ ਸਫੇਰੂਲ ਫਾਊਂਡੇਸ਼ਨ ਸੰਸਥਾ ਵੱਲੋਂ ਇਲਾਕੇ ਦੇ ਲੋਕਾਂ ਦੀ ਸਿਹਤ ਸੰਭਾਲ ਲਈ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ। ਸੰਸਥਾ ਵੱਲੋਂ ਹਫ਼ਤੇ ਦੇ ਦਿਨਾਂ ਵਿੱਚ ਲਗਾਤਾਰ ਲੜੀਵਾਰ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ।

ਇਸੇ ਲੜੀ ਤਹਿਤ ਇਸ ਵਾਰ ਰੈਲ ਮਾਜਰਾ ਦੀਆਂ ਤਿੰਨ ਪੰਚਾਇਤਾਂ ਵਿਖੇ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਦੇ ਅਧੀਨ ਅੱਜ ਮਾਜਰਾ ਵਿਖੇ ਇੱਕ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਤਪਦੀ ਗਰਮੀ ਅਤੇ ਵਧੇ ਹੋਏ ਤਾਪਮਾਨ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਲੋਕ ਆਪਣੀ ਸਿਹਤ ਦੀ ਜਾਂਚ ਕਰਵਾਉਣ ਲਈ ਪਹੁੰਚੇ। ਕੈਂਪ ਵਿੱਚ ਪਹੁੰਚੇ ਲਗਭਗ 70




ਮਰੀਜ਼ਾਂ ਦੀ ਮਾਹਿਰ ਡਾਕਟਰਾਂ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਇਸ ਮੈਡੀਕਲ ਕੈਂਪ ਵਿੱਚ ਡਾਕਟਰ ਸ਼ੈਲਜਾ ਸ਼ਰਮਾ, ਡਾਕਟਰ ਅੰਕਿਸ਼ ਵਸ਼ਿਸ਼ਟ, ਡਾਕਟਰ ਸੂਰਿਆਕਾਂਤ, ਅਨਿਲ ਮਿਸ਼ਰਾ ਅਤੇ ਫਾਰਮਾਸਿਸਟ ਸੁਨੇਹਾ ਪਰੋਆ ਸਮੇਤ ਹਰਚੰਦ ਸਿੰਘ ਦੀ ਪੂਰੀ ਟੀਮ ਨੇ ਸਰਗਰਮੀ ਨਾਲ ਭਾਗ ਲਿਆ ਅਤੇ ਮਰੀਜ਼ਾਂ ਨੂੰ ਸੇਵਾਵਾਂ ਦਿੱਤੀਆਂ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਡਾਕਟਰ ਸ਼ੈਲਜਾ ਸ਼ਰਮਾ ਨੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਦਿਨੋਂ-ਦਿਨ ਤਾਪਮਾਨ ਕਾਫ਼ੀ ਜ਼ਿਆਦਾ ਵੱਧ ਰਿਹਾ ਹੈ, ਜੋ ਕਿ ਸਿਹਤ ਲਈ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੌਸਮ ਵਿੱਚ ਸਰੀਰ ਨੂੰ ਹਾਈਡ੍ਰੇਟ ਰੱਖਣ ਲਈ ਨੀਂਬੂ ਪਾਣੀ ਦਾ ਵੱਧ ਤੋਂ ਵੱਧ ਸੇਵਨ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਹਦਾਇਤ ਕੀਤੀ ਕਿ ਅਜਿਹੇ ਗਰਮ ਮੌਸਮ ਵਿੱਚ ਬੱਚਿਆਂ ਅਤੇ ਬਜ਼ੁਰਗਾਂ ਦਾ ਖਾਸ ਖਿਆਲ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਸਿੱਧੀ ਧੁੱਪ ਤੇ ਗਰਮੀ ਦੇ ਪ੍ਰਭਾਵ ਤੋਂ ਬਚਾਅ ਕੇ ਰੱਖਿਆ ਜਾਵੇ।

ਇਸ ਪਰਉਪਕਾਰੀ ਕਾਰਜ ਲਈ ਪਿੰਡ ਦੀ ਪੰਚਾਇਤ, ਸਰਪੰਚ ਅਤੇ ਸਮੂਹ ਪੰਚਾਂ ਵੱਲੋਂ ਸੈਂਟਰੀਏਂਟ ਫਾਰਮਾਸਿਊਟੀਕਲ ਦੇ ਪ੍ਰਬੰਧਕਾਂ ਅਤੇ ਮੈਡੀਕਲ ਟੀਮ ਦਾ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਪੇਂਡੂ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਿਤ ਹੁੰਦੇ ਹਨ।

# ਕਾਰਪੋਰੇਟ ਵਿਕਾਸ ਮਾਡਲ ਕਿਰਤੀ ਲੋਕਾਂ ਅਤੇ ਕੁਦਰਤ ਲਈ ਘਾਤਕ – ਕਰਨ ਸਿੰਘ ਰਾਣਾ

## ਲੋਕ ਵਿਕਾਸ ਮਾਡਲ ਹੀ ਪੰਜਾਬ ਦੇ ਭਵਿੱਖ ਦਾ ਹੱਲ: ਸਾਂਝਾ ਕਿਸਾਨ ਮਜ਼ਦੂਰ ਮੋਰਚਾ

**ਬਲਾਚੌਰ, 10 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਦੇਸ਼ ਅਤੇ ਪੰਜਾਬ ਵਿੱਚ 1995 ਤੋਂ ਬਾਅਦ ਅਪਣਾਏ ਗਏ ਕਾਰਪੋਰੇਟ ਪੂੰਜੀਵਾਦੀ ਵਿਕਾਸ ਮਾਡਲ ਕਾਰਨ ਕਿਰਤੀ ਲੋਕਾਂ ਦੇ ਜੀਵਨ ਪੱਧਰ ਵਿੱਚ ਲਗਾਤਾਰ ਗਿਰਾਵਟ ਆਈ ਹੈ ਅਤੇ ਕੁਦਰਤੀ ਸਰੋਤਾਂ ਨਾਲ ਵੀ ਵੱਡੇ ਪੱਧਰ 'ਤੇ ਖਿਲਵਾੜ ਹੋਇਆ ਹੈ। ਇਹ ਵਿਚਾਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨਾਲ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੇ ਜਨਰਲ ਸਕੱਤਰ ਕਰਨ ਸਿੰਘ ਰਾਣਾ ਨੇ ਬਲਾਚੌਰ ਵਿੱਚ ਪ੍ਰੈਸ ਨਾਲ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸਾਲ 1995 ਵਿੱਚ ਭਾਰਤ ਦੇ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨ ਤੋਂ ਬਾਅਦ ਦੇਸ਼ ਵਿੱਚ ਕਾਰਪੋਰੇਟ ਪੱਖੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਗਿਆ, ਜਿਸ ਕਾਰਨ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਹਾਲਾਤ ਪ੍ਰਭਾਵਿਤ ਹੋਏ। ਉਨ੍ਹਾਂ ਦਾਅਵਾ ਕੀਤਾ ਕਿ ਖੱਬੇ ਪੱਖੀ ਧਿਰਾਂ ਨੇ ਉਸ ਸਮੇਂ ਇਨ੍ਹਾਂ ਨੀਤੀਆਂ ਦਾ ਵਿਰੋਧ ਕੀਤਾ ਸੀ, ਜਦਕਿ ਹੋਰ ਹਾਕਮ



ਪਾਰਟੀਆਂ ਨੇ ਇਸ ਦਾ ਸਮਰਥਨ ਕੀਤਾ। ਕਰਨ ਸਿੰਘ ਰਾਣਾ ਨੇ ਕਿਹਾ ਕਿ ਇਸ ਵਿਕਾਸ ਮਾਡਲ ਕਾਰਨ ਪੰਜਾਬ ਵਿੱਚ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਨੂੰ ਉਤਸ਼ਾਹ ਮਿਲਿਆ, ਕੁਦਰਤੀ ਸੰਸਾਧਨਾਂ 'ਤੇ ਦਬਾਅ ਵਧਿਆ ਅਤੇ ਕਿਰਤੀ ਵਰਗ ਦੇ ਸ਼ੋਸ਼ਣ ਵਿੱਚ ਵਾਧਾ ਹੋਇਆ। ਉਨ੍ਹਾਂ ਕਿਹਾ ਕਿ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਅਤੇ ਇਤਿਹਾਸਕ ਕਿਸਾਨ ਅੰਦੋਲਨ ਇਸ ਦੀ ਵੱਡੀ ਮਿਸਾਲ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰਾਂ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਲਈ ਸੰਘਰਸ਼ਸ਼ੀਲ ਧਿਰਾਂ 'ਤੇ ਦਬਾਅ ਦੀ ਨੀਤੀ ਅਪਣਾਉਂਦੀਆਂ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਖ-ਵੱਖ ਸਮਿਆਂ ਦੌਰਾਨ ਰਹੀਆਂ ਸਰਕਾਰਾਂ ਕਾਰ-ਪੋਰੇਟ ਵਿਕਾਸ ਮਾਡਲ ਦੀਆਂ ਸਮਰਥਕ ਰਹੀਆਂ ਹਨ, ਜਿਸ ਕਾਰਨ ਆਮ ਲੋਕਾਂ ਦੀਆਂ ਮੁਸ਼ਕਲਾਂ ਘਟਣ ਦੀ ਬਜਾਏ ਹੋਰ ਵਧੀਆਂ ਹਨ। ਅਖੀਰ ਵਿੱਚ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਲੋਕ ਵਿਕਾਸ ਮਾਡਲ ਦੀ ਲੋੜ ਹੈ, ਜਿਸ ਰਾਹੀਂ ਰੁਜ਼ਗਾਰ, ਮਹਿੰਗਾਈ 'ਤੇ ਕਾਬੂ, ਵਾਤਾਵਰਣ ਸੁਰੱਖਿਆ ਅਤੇ ਸਰਕਾਰੀ ਸਿਹਤ ਤੇ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਸ ਮਾਡਲ ਲਈ ਸੰਘਰਸ਼ ਹੋਰ ਵਿਸ਼ਾਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹਰਪਾਲ ਸਿੰਘ ਮੱਕੋਵਾਲ ਅਤੇ ਕਰਨੈਲ ਸਿੰਘ ਭੱਲਾ ਵੀ ਮੌਜੂਦ ਸਨ।

# ਜਰਖੜ ਹਾਕੀ ਅਕੈਡਮੀ ਦੇ ਚੋਣ ਟਰਾਇਲ 17 ਜੂਨ ਨੂੰ ਪੀ.ਏ.ਯੂ. ਲੁਧਿਆਣਾ ਵਿਖੇ

**ਲੁਧਿਆਣਾ 10 ਜੂਨ (ਹਰਜਿੰਦਰ ਪਾਲ ਛਾਬੜਾ/ਕਰਨੈਲ ਸਿੰਘ ਐੱਮ.ਏ.)** ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਜਰਖੜ ਨੂੰ ਸਾਲ 2026-27 ਲਈ ਅੰਡਰ-14, ਅੰਡਰ-17 ਅਤੇ ਅੰਡਰ-19 ਸਾਲ ਦੇ ਮੁੰਡਿਆਂ ਦੇ ਹਾਕੀ ਖੇਡ ਵਿੰਗ ਅਲਾਟ ਕੀਤੇ ਗਏ ਹਨ। ਇਨ੍ਹਾਂ ਖੇਡ ਵਿੰਗਾਂ ਦੇ ਚੋਣ ਟਰਾਇਲ 17 ਜੂਨ ਨੂੰ ਸਵੇਰੇ 9 ਵਜੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਦੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਵਿਖੇ ਲਏ ਜਾਣਗੇ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਸੈਕੰਡਰੀ ਸਕੂਲ ਜਰਖੜ ਦੇ ਪ੍ਰਿੰਸੀਪਲ ਹਰਦੇਵ ਸਿੰਘ ਅਤੇ ਜਰਖੜ ਹਾਕੀ ਅਕੈਡਮੀ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਚੋਣ ਕਮੇਟੀ ਵੱਲੋਂ ਲਏ ਜਾਣ ਵਾਲੇ ਇਨ੍ਹਾਂ ਟਰਾਇਲਾਂ ਰਾਹੀਂ ਕੁੱਲ 54 ਖਿਡਾਰੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਰਹਿਣ, ਖਾਣ-ਪੀਣ ਅਤੇ ਸਿੱਖਿਆ ਦੀਆਂ ਸਾਰੀਆਂ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਟਰਾਇਲਾਂ ਵਿੱਚ ਭਾਗ ਲੈਣ ਦੇ ਇੱਛੁਕ ਖਿਡਾਰੀ ਆਪਣੀਆਂ ਖੇਡ ਪ੍ਰਾਪਤੀਆਂ, ਉਮਰ ਦੇ



ਸਬੂਤ ਅਤੇ 4 ਪਾਸਪੋਰਟ ਸਾਈਜ਼ ਫੋਟੋਆਂ ਸਮੇਤ 17 ਜੂਨ ਨੂੰ ਸਵੇਰੇ 9 ਵਜੇ ਪੀ.ਏ.ਯੂ. ਲੁਧਿਆਣਾ ਵਿਖੇ ਰਿਪੋਰਟ ਕਰਨ।ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜਰਖੜ ਹਾਕੀ ਅਕੈਡਮੀ ਨੂੰ ਹਾਕੀ ਇੰਡੀਆ ਵੱਲੋਂ ਮਾਨਤਾ ਪ੍ਰਾਪਤ ਹੈ ਅਤੇ ਇੱਥੇ ਚੁਣੇ ਜਾਣ ਵਾਲੇ ਖਿਡਾਰੀਆਂ ਨੂੰ ਉੱਚ ਪੱਧਰੀ ਟ੍ਰੇਨਿੰਗ ਦੇ ਨਾਲ-ਨਾਲ ਕੌਮੀ ਪੱਧਰ ਦੀਆਂ ਸਬ-ਜੂਨੀਅਰ,




ਜੂਨੀਅਰ ਅਤੇ ਸੀਨੀਅਰ ਹਾਕੀ ਚੈਂਪੀਅਨਸ਼ਿਪਾਂ ਵਿੱਚ ਭਾਗ ਲੈਣ ਦੇ ਮੌਕੇ ਵੀ ਮਿਲਣ-ਗੇ। ਇਸ ਤੋਂ ਇਲਾਵਾ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਵੀ ਇਨ੍ਹਾਂ ਖੇਡ ਵਿੰਗਾਂ ਨੂੰ ਸਿੱਧੀ ਐਂਟਰੀ ਪ੍ਰਾਪਤ ਹੋਵੇਗੀ।ਉਨ੍ਹਾਂ ਕਿਹਾ ਕਿ ਜਰਖੜ ਹਾਕੀ ਅਕੈਡਮੀ ਆਪਣੇ ਖਿਡਾਰੀਆਂ ਨੂੰ ਲਿਬਰਲ ਆਲ ਇੰਡੀਆ ਨਾਭਾ ਹਾਕੀ ਟੂਰਨਾਮੈਂਟ, ਆਲ ਇੰਡੀਆ ਨਹਿਰੂ ਹਾਕੀ ਟੂਰਨਾਮੈਂਟ, ਦਸਮੇਸ਼ ਗੋਲਡ ਕੱਪ ਰੂਪਨਗਰ, ਬਾਬਾ ਫਰੀਦ ਗੋਲਡ ਕੱਪ ਫਰੀਦਕੋਟ, ਬਲਵੰਤ ਕਪੂਰ ਹਾਕੀ ਟੂਰਨਾਮੈਂਟ ਜਲੰਧਰ ਅਤੇ ਮਹਿੰਦਰ ਮੁਣਸ਼ੀ ਹਾਕੀ ਟੂਰਨਾਮੈਂਟ ਜਲੰਧਰ ਵਰਗੇ ਪ੍ਰਮੁੱਖ ਮੁਕਾਬਲਿਆਂ ਵਿੱਚ ਭਾਗ ਲੈਣ ਦੇ ਮੌਕੇ ਪ੍ਰਦਾਨ ਕਰਦੀ ਹੈ।ਚੋਣ ਟਰਾਇਲਾਂ ਸੰਬੰਧੀ ਹੋਰ ਜਾਣਕਾਰੀ ਲਈ ਜਰਖੜ ਹਾਕੀ ਅਕੈਡਮੀ ਦੇ ਮੁੱਖ ਕੋਚ ਗੁਰਸਤਿੰਦਰ ਸਿੰਘ ਪਰਗਟ ਨਾਲ ਮੋਬਾਈਲ ਨੰਬਰ 94178-85733 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਖਾਸ ਖਿਡਾਰੀਆਂ ਲਈ ਪੰਜਾਬ ਸਰਕਾਰ ਦਾ ਨਕਦ ਇਨਾਮ ਇਤਿਹਾਸਕ ਕਦਮ : ਪਰਮਜੀਤ ਸੱਚਦੇਵਾ

**ਹੁਸ਼ਿਆਰਪੁਰ 10 ਜੂਨ (ਤਰਸੇਮ ਦੀਵਾਨਾ) –** ਆਸ਼ਾ ਕਿਰਨ ਸਪੈਸ਼ਲ ਸਕੂਲ ਦੇ 5 ਖਿਡਾਰੀਆਂ ਨੂੰ ਨਕਦ ਸਨਮਾਨ ਮਿਲਿਆ

ਹੁਸ਼ਿਆਰਪੁਰ। ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਲਈ ਇਹ ਬਹੁਤ ਮਾਣ ਅਤੇ ਸਨਮਾਨ ਦਾ ਮੌਕਾ ਰਿਹਾ, ਜਦੋਂ ਪੰਜਾਬ ਸਰਕਾਰ ਵੱਲੋਂ ਪੰਜਾਬ ਨਕਦ ਇਨਾਮ ਖੇਡ ਨੀਤੀ 2023 ਤਹਿਤ ਸਕੂਲ ਦੇ ਪੰਜ ਵਿਸ਼ੇਸ਼ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਉੱਤਮ ਖੇਡ ਪ੍ਰਾਪਤੀਆਂ ਲਈ ਨਕਦ ਇਨਾਮ ਦਿੱਤੇ ਗਏ। ਇਹ ਸਨਮਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਪੈਸ਼ਲ ਓਲੰਪਿਕਸ ਭਾਰਤ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੇ ਉਦੇਸ਼ ਨਾਲ ਦਿੱਤਾ ਗਿਆ ਹੈ, ਇਹ ਜਾਣਕਾਰੀ ਏਰੀਆ ਡਾਇਰੈਕਟਰ ਸਪੈਸ਼ਲ ਓਲੰਪਿਕ ਭਾਰਤ ਪੰਜਾਬ ਪਰਮਜੀਤ ਸਿੰਘ ਸੱਚਦੇਵਾ ਨੇ ਦਿੱਤੀ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਵਿੱਚ ਸੋਨੀਆ ਸੈਣੀ, ਰੋਹਿਤ ਕੁਮਾਰ, ਸੰਨੀ ਕੁਮਾਰ ਅਤੇ ਕੁਨਾਲ ਸੇਠੀ ਨੂੰ ਕ੍ਰਮਵਾਰ 50-50 ਹਜ਼ਾਰ ਰੁਪਏ ਅਤੇ ਗਗਨਦੀਪ ਸਿੰਘ ਨੂੰ 30,000 ਰੁਪਏ ਦੀ ਨਕਦ ਰਾਸ਼ੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਨੇ ਸਪੈਸ਼ਲ ਓਲੰਪਿਕਸ ਭਾਰਤ ਵੱਲੋਂ ਆਯੋਜਿਤ ਵੱਖ-ਵੱਖ ਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੀਆਂ-ਆਪਣੀਆਂ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬ ਦਾ ਨਾਮ ਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ। ਇਸ ਪ੍ਰਾਪਤੀ ਦੇ ਮੌਕੇ 'ਤੇ ਜੇ.ਐਸ.ਐਸ. ਆਸ਼ਾ ਕਿਰਨ



ਸਪੈਸ਼ਲ ਸਕੂਲ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ, ਕੋਚਾਂ ਅਤੇ ਸਮਾਜ ਸੇਵੀਆਂ ਨੇ ਭਾਗ ਲਿਆ ਅਤੇ ਖਿਡਾਰੀਆਂ ਦੀ ਸਫਲਤਾ 'ਤੇ ਖੁਸ਼ੀ ਮਨਾਈ ਗਈ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਸਕੱਤਰ ਕਰਨਲ ਗੁਰਮੀਤ ਸਿੰਘ, ਰਾਮ ਆਸਾ, ਸਪੈਸ਼ਲ ਓਲੰਪਿਕਸ ਭਾਰਤ ਪੰਜਾਬ ਦੇ ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸੱਚਦੇਵਾ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਕੋਚ ਸ਼੍ਰੀਮਤੀ ਅੰਜਨਾ ਅਤੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਇੰਦੂ ਬਾਲਾ ਸਮੇਤ ਹੋਰ ਪਤਵੰਤਿਆਂ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਾਰੇ ਮੌਜੂਦ ਮਾਪਿਆਂ, ਕੋਚਾਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਹ ਪਹਿਲ ਵਿਸ਼ੇਸ਼ ਖਿਡਾਰੀਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਦੇ ਨਾਲ-ਨਾਲ ਸਮਾਜ ਵਿੱਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੌਧਿਕ ਤੌਰ 'ਤੇ ਅਪਾਹਜ ਬੱਚਿਆਂ ਦੀ ਪ੍ਰਤਿਭਾ ਨੂੰ ਪਛਾਣਨਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਇੱਕ ਸੰਵੇਦਨਸ਼ੀਲ ਅਤੇ ਦੂਰਅੰਦੇਸ਼ੀ ਫੈਸਲਾ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਨੇ ਇਸ ਖੇਡ ਨੀਤੀ ਨੂੰ ਲਾਗੂ ਕਰਕੇ ਵਿਸ਼ੇਸ਼ ਖਿਡਾਰੀਆਂ ਦਾ ਮਨੋਬਲ ਵਧਾਇਆ ਹੈ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਨੀਤੀ ਲਾਗੂ ਕੀਤੀ ਗਈ ਹੈ, ਇਸ ਤਰ੍ਹਾਂ ਦੀ ਨੀਤੀ ਕਿਸੇ ਦੂਜੇ ਰਾਜ ਦੀ ਸਰਕਾਰ ਨੇ ਲਾਗੂ ਨਹੀਂ ਕੀਤੀ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਆਸ਼ਾ ਕਿਰਨ ਸਕੂਲ ਦੇ ਵਿਦਿਆਰਥੀ ਸੁਖਵਿੰਦਰ ਸਿੰਘ ਨੇ 2013 ਵਿੱਚ ਕੋਰੀਆ ਵਿੱਚ ਹੋਈ ਸਪੈਸ਼ਲ ਓਲੰਪਿਕ ਦੇ ਦੌਰਾਨ ਦੇਸ਼ ਦੇ ਖਿਡਾਰੀਆਂ ਦੀ ਅਗਵਾਈ ਕੀਤੀ ਸੀ ਅਤੇ ਕਈ ਜਿੱਤਾਂ ਦਰਜ ਕੀਤੀਆਂ ਸਨ, ਉਨ੍ਹਾਂ ਕਿਹਾ ਕਿ ਉਦੋਂ ਸਾਡੇ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਸੀ ਕਿ ਵਿਸ਼ੇਸ਼ ਖਿਡਾਰੀਆਂ ਦੇ ਸਨਮਾਨ ਲਈ ਕੋਈ ਖੇਡ ਨੀਤੀ ਬਣਾਈ ਜਾਵੇ, ਉਦੋਂ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਇਸ ਬਾਰੇ ਸੰਸਦ ਵਿੱਚ ਸਵਾਲ ਵੀ ਚੁੱਕਿਆ ਸੀ, ਪਰਮਜੀਤ ਸੱਚਦੇਵਾ ਨੇ ਦੱਸਿਆ ਕਿ 2015 ਵਿੱਚ ਕੇਂਦਰ ਦੀ ਭਾਜਪਾ ਸਰਕਾਰ ਨੇ ਵਿਸ਼ੇਸ਼ ਖਿਡਾਰੀਆਂ ਲਈ ਖੇਡ ਨੀਤੀ ਬਣਾਈ ਪਰ ਉਦੋਂ ਰਾਜ ਦੀ ਅਕਾਲੀ-ਭਾਜਪਾ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਅਤੇ ਨਾ ਹੀ 2017 ਵਿੱਚ ਬਣੀ ਕਾਂਗਰਸ ਸਰਕਾਰ ਨੇ ਕੋਈ ਕਦਮ ਚੁੱਕਿਆ ਪਰ 2022 ਵਿੱਚ ਜਦੋਂ ਆਪ ਦੀ ਸਰਕਾਰ ਬਣੀ ਅਤੇ ਖੇਡ ਮੰਤਰੀ ਮੀਤ ਹੇਅਰ ਬਣੇ ਤਾਂ ਉਨ੍ਹਾਂ ਨੇ ਪਾਲਿਸੀ 'ਤੇ ਕੰਮ ਸ਼ੁਰੂ ਕੀਤਾ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਆਪ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਵਿਸ਼ੇਸ਼ ਖਿਡਾਰੀਆਂ ਦੀ ਖੇਡ ਨੀਤੀ ਨੂੰ ਲਾਗੂ ਕਰ ਇਨ੍ਹਾਂ ਖਿਡਾਰੀਆਂ ਅਤੇ ਇਨ੍ਹਾਂ ਦੇ ਪਰਿਵਾਰਾਂ ਦਾ ਮਾਣ ਵਧਾਇਆ ਹੈ।

**ਫੋਟੋ ਅਜਮੇਰ ਦੀਵਾਨਾ**

# 12 ਜੂਨ ਨੂੰ ਮਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਪੇਂਡੂ ਮਜ਼ਦੂਰ ਯੂਨੀਅਨ ਦਾ ਵਫਦ ਮਿਲੇਗਾ ਬੀਡੀਪੀਓ ਨਵਾਂਸ਼ਹਿਰ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੇਂਡੂ ਮਜ਼ਦੂਰ ਯੂਨੀਅਨ ਦਾ ਵਫਦ 12 ਜੂਨ ਨੂੰ ਮਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈਕੇ ਬੀਡੀਪੀਓ ਨਵਾਂਸ਼ਹਿਰ ਨੂੰ ਮਿਲੇਗਾ। ਇਹ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਜ਼ਿਲਾ ਪ੍ਰਧਾਨ ਕਮਲਜੀਤ ਸਨਾਵਾ ਅਤੇ ਇਲਾਕਾ ਪ੍ਰਧਾਨ ਕਿਰਨਜੀਤ ਕੌਰ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਮਨਰੇਗਾ ਮਜ਼ਦੂਰਾਂ ਦਾ ਕੰਮ ਬੰਦ ਪਿਆ ਹੈ। ਜਿਸ ਕਰਕੇ ਮਜ਼ਦੂਰਾਂ ਦੀ ਹਾਲਤ ਬਹੁਤ ਮੰਦੀ ਹੈ। ਉਹਨਾਂ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਉਹਨਾਂ ਕਿਹਾ ਕਿ ਜਿਹਨਾ ਔਰਤਾਂ ਦਾ ਘਰ ਦਾ ਗੁਜ਼ਾਰਾ ਮਨਰੇਗਾ ਕਰਕੇ ਚੱਲਦਾ ਸੀ। ਇਸ ਵਕਤ ਉਹਨਾਂ ਦੀ ਹਾਲਤ ਬਹੁਤ ਹੀ ਮਾੜੀ ਹੈ, ਕਿਉਂਕਿ ਕੰਮ ਪਿਛਲੇ ਲੰਬੇ ਸਮੇਂ ਤੋਂ ਬੰਦ ਪਿਆ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿੱਚ ਮਜ਼ਦੂਰਾਂ ਤੋਂ ਪਿਛਲੀ ਬਰਸਾਤ ਦੇ ਮੌਸਮ ਵਿੱਚ ਜਦੋਂ ਬੰਨ ਟੁੱਟਣ ਦਾ ਖਦਸ਼ਾ ਸੀ, ਉਸ ਸਮੇਂ ਮਜ਼ਦੂਰਾਂ ਤੋਂ ਬੰਨ ਦੇ ਉੱਪਰ ਕੰਮ ਕਰਵਾਇਆ ਗਿਆ ਸੀ ਤੇ ਇਹ ਭਰੋਸਾ ਦਵਾਇਆ ਗਿਆ ਸੀ, ਕਿ ਤੁਸੀਂ ਬਿਨਾਂ ਮਾਸਟਰੋਲ ਤੋਂ ਕੰਮ ਕਰੋ ਤੁਹਾਨੂੰ ਇਸ ਦੇ ਪੈਸੇ ਦਿੱਤੇ ਜਾਣਗੇ। ਪਰ ਅਜੇ ਤੱਕ ਮਜ਼ਦੂਰਾਂ





ਨੂੰ ਉਹਨਾਂ ਦੇ ਕੀਤੇ ਗਏ ਕੰਮ ਦੇ ਪੈਸੇ ਨਹੀਂ ਮਿਲੇ। ਉਹਨਾਂ ਕਿਹਾ ਕਿ ਉਹਨਾਂ ਨੂੰ ਉਹਨਾਂ ਦੇ ਕੀਤੇ ਗਏ ਰੁਜ਼ਗਾਰ ਦੇ ਪੈਸੇ ਦਿੱਤੇ ਜਾਣ। ਇਸ ਤੋਂ ਇਲਾਵਾ ਹੁਣ ਵੀ ਬਹੁਤ ਸਾਰੇ ਪਿੰਡਾਂ ਵਿੱਚ ਨਹਿਰ ਦਾ ਕੰਮ ਠੇਕੇ ਤੇ ਦੇ ਕੇ ਕਰਵਾਇਆ ਗਿਆ ਹੈ, ਜਿਸ ਦੇ ਵੀ ਮਜ਼ਦੂਰਾਂ ਨੂੰ ਪੈਸੇ ਨਹੀਂ ਦਿੱਤੇ ਗਏ । ਇਹ ਵੀ ਮਜ਼ਦੂਰਾਂ ਨਾਲ ਇੱਕ ਬਹੁਤ ਵੱਡਾ ਧੱਕਾ ਕੀਤਾ ਗਿਆ ਹੈ, ਕਿ ਉਹਨਾਂ ਤੋਂ ਕੰਮ ਕਰਵਾ ਕੇ ਉਸ ਤੋਂ ਬਾਅਦ ਕੋਈ ਵੀ ਪੈਸਾ ਉਹਨਾਂ ਦੇ ਖਾਤੇ ਵਿੱਚ ਨਹੀਂ ਪਾਇਆ ਗਿਆ ਹੈ । ਇਸ ਮੌਕੇ ਇਲਾਕਾ ਮੀਤ ਪ੍ਰਧਾਨ ਸੁਰਿੰਦਰ ਮੀਰਪੁਰੀ, ਇਲਾਕਾ ਆਗੂ ਸਤਨਾਮ ਸਿੰਘ ਲਾਡੀ, ਸੁਰਿੰਦਰ ਸਿੰਘ ਸ਼ਿੰਦਾ, ਕੁਲਵਿੰਦਰ ਗੋਹਲੜੋ, ਬਲਦੇਵ ਬਘੌਰਾਂ ਨੇ ਇਹ ਮੰਗ ਕਰਦੇ ਹੋਏ ਕਿਹਾ ਕਿ, ਜੇਕਰ ਕਿਸੇ ਪਿੰਡ ਦੇ ਪੈਸੇ ਨਹੀਂ ਬਚੇ ਹਨ, ਤਾਂ ਉਨਾਂ ਸਮਾਂ ਮਜ਼ਦੂਰਾਂ ਨੂੰ ਉਹਨਾਂ ਦਾ ਬੇਰੁਜ਼ਗਾਰ ਭੱਤਾ ਦਿੱਤਾ ਜਾਵੇ। ਕਿਉਂਕਿ ਕਾਨੂੰਨ ਮੁਤਾਬਕ ਜੇਕਰ 15 ਦਿਨਾਂ ਦੇ ਅੰਦਰ ਅੰਦਰ ਮਜ਼ਦੂਰਾਂ ਨੂੰ ਕੋਈ ਕੰਮ ਨਹੀਂ ਮਿਲਦਾ ਤਾਂ ਉਹਨਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਚਾਹੀਦਾ ਹੈ। ਇਹਨਾਂ ਮੰਗਾਂ ਤੋਂ ਇਲਾਵਾ ਆਗੂਆਂ ਨੇ ਕਿਹਾ ਕਿ ਜਲਦ ਤੋਂ ਜਲਦ ਪਿੰਡਾਂ ਵਿੱਚ ਸਰਵੇ ਕਰਾ ਕੇ ਇਜਲਾਸ ਕਰਾ ਕੇ ਨਵੇਂ ਕਾਨੂੰਨਾਂ ਤਹਿਤ ਕੰਮ ਸ਼ੁਰੂ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਤੇ ਤਿੱਖਾ ਸੰਘਰਸ਼ ਕਰੇਗੀ।

# ਪਿੰਡ ਪੋਸੀ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੇ ਦਾਖ਼ਲਾ ਕੇਂਦਰ ਦਾ ਉਦਘਾਟਨ



**ਹੁਸ਼ਿਆਰਪੁਰ / ਮਾਹਿਲਪੁਰ,10 ਜੂਨ ( ਤਰਸੇਮ ਦੀਵਾਨਾ )** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਨਵੇਂ ਸੈਸ਼ਨ 2026-27 ਵਿੱਚ ਦਾਖ਼ਲੇ ਸਬੰਧੀ ਕਸਬਾ ਸੈਲਾ ਖੁਰਦ ਨੇੜੇ ਪੈਂਦੇ ਪਿੰਡ ਪੋਸੀ ਦੇ ਬੱਸ ਅੱਡਾ ਨੇੜੇ ਵਿਦਿਆਰਥੀਆਂ ਦੀ ਕਰੀਅਰ ਸੇਧ ਅਤੇ ਕਾਉਂਸਲਿੰਗ ਦੀ ਸਹੂਲਤ ਲਈ ਵਿਸ਼ੇਸ਼ ਦਾਖ਼ਲਾ ਕੇਂਦਰ ਖੋਲ੍ਹਿਆ ਗਿਆ।ਇਸ ਦਾਖ਼ਲਾ ਕੇਂਦਰ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਕਾਲਜ ਦੇ ਸਟਾਫ ਅਤੇ ਪਿੰਡ ਵਾਸੀਆਂ ਦੀ ਹਾਜਰੀ ਵਿੱਚ ਸਮਾਜ ਸੇਵੀ ਤ੍ਰਿਲੋਚਨ ਸਿੰਘ ਵਾਰੀਆ ਨੇ ਕੀਤਾ। ਉਨ੍ਹਾਂ ਕਾਲਜ ਵਲੋਂ ਇਲਾਕੇ ਨੂੰ ਪਾਏ ਯੋਗਦਾਨ ਬਾਰੇ ਦੱਸਿਆ। ਇਸ ਮੌਕੇ ਡਾ ਜੇ ਬੀ ਸੇਖੋਂ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਲੈਕਚਰਾਰ ਤਰਸੇਮ ਸਿੰਘ ਨੇ ਇਸ ਦਾਖ਼ਲਾ ਕੇਂਦਰ ਨੂੰ ਇਲਾਕੇ ਦੇ ਵਿਦਿਆਰਥੀਆ ਲਈ ਅਹਿਮ ਮਦਦਗਾਰ ਦੱਸਿਆ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਾਲਜ ਵਿੱਚ ਨਵੇਂ ਸ਼ੁਰੂ ਹੋ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕਾਲਜ ਵਿਚ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਵਿਸ਼ੇਸ਼ ਆਰਥਿਕ ਮਦਦ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਯੋਗ ਐਸ ਸੀ/ ਐਸ ਟੀ ਵਰਗ ਦੇ ਵਿਦਿਆਰਥੀਆਂ ਤੋਂ ਸਬੰਧਤ ਕੋਰਸ ਲਈ ਸਿਰਫ ਯੂਨੀਵਰਸਿਟੀ ਫੀਸ ਹੀ ਲਈ ਜਾਵੇਗੀ। ਉਨ੍ਹਾਂ ਇਲਾਕੇ ਦੇ ਵਿਦਿਆਰਥੀਆਂ ਨੂੰ ਸੈਂਟਰ ਵਿਚ ਮੌਜੂਦ ਮਾਹਿਰ ਸਟਾਫ਼ ਤੋਂ ਆਪਣੀ ਚੋਣ ਅਨੁਸਾਰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਲੈਣ ਦੀ ਅਪੀਲ ਕੀਤੀ। ਇਸ ਮੌਕੇ ਬਲਵਿੰਦਰ ਸਿੰਘ, ਰਾਜੇਸ਼ ਕੁਮਾਰ, ਰਾਮਪਾਲ ਭਨੋਟ, ਕੋਚ ਚਰਨਜੀਤ ਸਿੰਘ, ਹਰਜੀਤ ਸਿੰਘ, ਸ਼ਾਮ ਸੁੰਦਰ, ਰਣਜੀਤ ਪੋਸੀ, ਤੀਰਥ ਸਿੰਘ, ਪ੍ਰੋ ਜਸਵਿੰਦਰ ਸਿੰਘ, ਡਾ ਵਿਕਰਾਂਤ ਰਾਣਾ, ਡਾ ਰਾਕੇਸ਼ ਕੁਮਾਰ, ਪ੍ਰੋ ਰੋਹਿਤ ਪੁਰੀ ਆਦਿ ਸਮੇਤ ਕਾਲਜ ਦਾ ਹੋਰ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਹਾਜ਼ਰ ਸੀ।

**ਫੋਟੋ ਅਜਮੇਰ ਦੀਵਾਨਾ**

# ਜ਼ਿਲ੍ਹਾ ਡਰੱਗ ਇੰਸਪੈਕਟਰ ਹਰਪ੍ਰੀਤ ਕੌਰ ਨਾਲ ਬਲਾਚੌਰ ਕੈਮਿਸਟ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ, ਨਿਯਮਾਂ ਦੀ ਇਨ-ਬਿਨ ਪਾਲਣਾ ਕਰਨ ਦੇ ਨਿਰਦੇਸ਼

## ਨਸ਼ਿਆਂ ਦੇ ਖ਼ਾਤਮੇ ਲਈ ਕੈਮਿਸਟਾਂ ਨੇ ਪ੍ਰਸ਼ਾਸਨ ਨੂੰ ਦਿੱਤਾ ਪੂਰਨ ਸਹਿਯੋਗ ਦਾ ਭਰੋਸਾ, ਸੇਲ-ਪਰਚੇਜ਼ ਦਾ ਮੁਕੰਮਲ ਰਿਕਾਰਡ ਰੱਖਣ 'ਤੇ ਹੋਈ ਚਰਚਾ







**ਬਲਾਚੌਰ, 10 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਤਹਿਸੀਲ ਕੈਮਿਸਟ ਐਸੋਸੀਏਸ਼ਨ ਬਲਾਚੌਰ ਵਲੋਂ ਪ੍ਰਧਾਨ ਸਤਨਾਮ ਪਨੇਸਰ ਦੀ ਯੋਗ ਅਗਵਾਈ ਹੇਠ ਬੀਤੇ ਦਿਨੀਂ ਸਾਈਂ ਮਨੀ ਰੈਸਟੋਰੈਂਟ ਚੰਡੀਗੜ੍ਹ ਰੋਡ ਬਾਈਪਾਸ ਚੌਂਕ ਬਲਾਚੌਰ ਵਿਖੇ ਇੱਕ ਬਹੁਤ ਹੀ ਜਰੂਰੀ ਅਤੇ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਜ਼ਿਲ੍ਹਾ ਡਰੱਗ ਇੰਸਪੈਕਟਰ (ਡੀ.ਆਈ.) ਮੈਡਮ ਹਰਪ੍ਰੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਦੌਰਾਨ ਪ੍ਰਧਾਨ ਸਤਿਨਾਮ ਪਨੇਸਰ ਅਤੇ ਐਸੋਸੀਏਸ਼ਨ ਦੇ ਹੋਰ ਕੈਮਿਸਟ ਮੈਂਬਰਾਂ ਵੱਲੋਂ ਮੈਡਮ ਹਰਪ੍ਰੀਤ ਕੌਰ ਨੂੰ ਖ਼ੂਬਸੂਰਤ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਇੱਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਅਹਿਮ ਮੀਟਿੰਗ ਦੌਰਾਨ ਦਵਾਈਆਂ ਦੇ ਕਾਰੋਬਾਰ ਨਾਲ ਜੁੜੇ ਕਈ ਗੰਭੀਰ ਅਤੇ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ ਗਈ, ਜਿਸ ਵਿੱਚ ਖ਼ਾਸ ਕਰਕੇ ਨਸ਼ਾ ਰੋਕਥਾਮ, ਆਨਲਾਈਨ ਰਿਕਾਰਡ ਮੇਨਟੇਨੈਂਸ, ਬਿਲਿੰਗ ਅਤੇ ਲਾਈਸੈਂਸ ਸਬੰਧੀ ਕੈਮਿਸਟਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਨੂੰ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ। ਇਸ ਮੌਕੇ ਸਮੂਹ ਕੈਮਿਸਟਾਂ ਨੂੰ ਸੰਬੋਧਨ ਕਰਦਿਆਂ ਡਰੱਗ ਇੰਸਪੈਕਟਰ ਮੈਡਮ ਹਰਪ੍ਰੀਤ ਕੌਰ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਸਾਰੇ ਕੈਮਿਸਟ ਸਰਕਾਰੀ ਨਿਯਮਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਉਣ। ਉਨ੍ਹਾਂ ਸਮੂਹ ਕੈਮਿਸਟਾਂ ਨੂੰ ਨਸ਼ਿਆਂ ਦੇ ਖ਼ਾਤਮੇ ਲਈ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਦਾ ਪੂਰਾ ਸਾਥ ਦੇਣ ਦੀ ਅਪੀਲ ਕੀਤੀ ਅਤੇ ਨਾਲ ਹੀ ਦਵਾਈਆਂ ਦੀ ਸੇਲ-ਪਰਚੇਜ਼ (ਖ਼ਰੀਦ-ਵੇਚ) ਦਾ ਮੁਕੰਮਲ ਰਿਕਾਰਡ ਹਮੇਸ਼ਾ ਅਪਡੇਟ ਰੱਖਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਕੈਮਿਸਟ ਭਾਈਚਾਰੇ ਵੱਲੋਂ ਪ੍ਰਸ਼ਾਸਨ ਨੂੰ ਹਰ ਪੱਖੋਂ ਪੂਰਨ ਸਹਿਯੋਗ ਦੇਣ ਦਾ ਪੂਰਾ ਭਰੋਸਾ ਦਿੱਤਾ ਗਿਆ। ਸਮੂਹ ਅਹੁਦੇਦਾਰਾਂ ਨੇ ਕਿਹਾ ਕਿ ਕੈਮਿਸਟ ਐਸੋਸੀਏਸ਼ਨ ਬਲਾਚੌਰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਇਸ ਨੂੰ ਨਿਭਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੀਟਿੰਗ ਦੌਰਾਨ ਜਗਦੀਸ਼ ਛਾਬੜਾ , ਡਾਕਟਰ ਬਲਦੇਵ ਸਿੰਘ ਪਨੇਸਰ ਅਤੇ ਹੋਰਨਾਂ ਸੀਨੀਅਰ ਕੈਮਿਸਟਾਂ ਨੇ ਵੀ ਦਵਾਈਆਂ ਦੇ ਕਾਰੋਬਾਰ ਨੂੰ ਪਾਰਦਰਸ਼ੀ ਬਣਾਉਣ ਲਈ ਆਪਣੇ ਬਹੁਮੁੱਲੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤਹਿਸੀਲ ਬਲਾਚੌਰ ਦੇ ਵੱਖ-ਵੱਖ ਹਿੱਸਿਆਂ ਤੋਂ ਕੈਮਿਸਟ ਸਾਥੀ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ।

ਮੀਟਿੰਗ ਦੇ ਅਖ਼ੀਰ ਵਿੱਚ ਐਸੋਸੀਏਸ਼ਨ ਵੱਲੋਂ ਮੁੱਖ ਮਹਿਮਾਨ ਮੈਡਮ ਹਰਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਹਾਜ਼ਰ ਪ੍ਰਮੁੱਖ ਕੈਮਿਸਟਾਂ ਵਿੱਚ ਵਰਿੰਦਰ ਚੋਪੜਾ, ਸੰਜੀਵ ਚੋਪੜਾ, ਵਿਕਾਸ ਚੋਪੜਾ, ਨਿਖਿਲ ਭਾਰਦਵਾਜ, ਰਕੇਸ਼ ਕੁਮਾਰ, ਡਿੰਪੀ ਜੈਨ, ਜਗਦੀਸ਼ ਛਾਬੜਾ, ਪੰਡਿਤ ਕਿਸ਼ਨ ਗੋਪਾਲ ਪੋਜੇਵਾਲ, ਅਮਰਜੀਤ ਸਿੰਘ ਢੋਂਗਾ, ਰਕੇਸ਼ ਕੁਮਾਰ ਕਾਠਗੜ੍ਹ, ਗੁਰਮੀਤ ਸਿੰਘ ਰੈਲਮਾਜਰਾ, ਹਰਜਿੰਦਰ ਸਿੰਘ, ਅਸ਼ੋਕ ਦੁੱਗਲ, ਕੁਲਵੰਤ ਸਿੰਘ, ਬਿਕਰਮ ਸਿੰਘ, ਦਿਲਬ-ਾਗ ਸਿੰਘ, ਪ੍ਰਦੀਪ ਕੁਮਾਰ, ਕੋਲਵੀਰ ਸਿੰਘ, ਜਗਦੇਵ ਸੋਨੀ ਮੈਡੀਕਲ ਸਟੋਰ ਅਤੇ ਮਨਜੀਤ ਸਿੰਘ ਪਨੇਸਰ ਸਮੇਤ ਮੜੋਆਂ, ਭੱਦੀ, ਟਕਾਰਲਾ ਅਤੇ ਚਣਕੋਆਂ ਆਦਿ ਪਿੰਡਾਂ ਦੇ ਵੱਡੀ ਗਿਣਤੀ ਵਿੱਚ ਕੈਮਿਸਟ ਹਾਜ਼ਰ ਸਨ। ਸਮਾਗਮ ਦੇ ਬਿਲਕੁਲ ਅੰਤ ਵਿੱਚ ਡਾਕਟਰ ਐੱਸ.ਕੇ. ਪਨੇਸਰ ਪ੍ਰਧਾਨ ਨੇ ਡੀ.ਆਈ. ਸਾਹਿਬ ਅਤੇ ਮੀਟਿੰਗ ਵਿੱਚ ਪਹੁੰਚੇ ਸਮੂਹ ਕੈਮਿਸਟ ਭਰਾਵਾਂ ਦਾ ਕੀਮਤੀ ਸਮਾਂ ਕੱਢ ਕੇ ਸਮੇਂ ਸਿਰ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਦ ਨੋਰਵੁੱਡ ਸਕੂਲ ਚਾਹਲ ਦੇ ਵਿਦਿਆਰਥੀਆਂ ਨੇ ਇਤਿਹਾਸਕ ਭਾਰਤ-ਅਫਗਾਨਿਸਤਾਨ ਟੈਸਟ ਮੈਚ ਦਾ ਲਿਆ ਆਨੰਦ




**ਨਵਾਂਸ਼ਹਿਰ /ਕਾਠਗੜ੍ਹ 10 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਦ ਨੋਰਵੁੱਡ ਸਕੂਲ, ਚਾਹਲ ਨੇ ਨਵਾਂ ਸ਼ਹਿਰ ਡਿਸਟ੍ਰਿਕਟ ਕ੍ਰਿਕਟ ਐਸੋਸੀਏਸ਼ਨ (ਐਨ ਡੀ ਸੀ ਏ) ਦੇ ਸਹਿਯੋਗ ਨਾਲ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸ਼ਿਖਿਆਤਮਕ ਅਤੇ ਪ੍ਰੇਰਣਾਦਾਇਕ ਕ੍ਰਿਕਟ ਦੌਰੇ ਦਾ ਆਯੋਜਨ ਕੀਤਾ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਮਹਾਰਾਜਾ ਯਾਦਵਿੰਦਰ ਸਿੰਘ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਵਿੱਚ ਖੇਡੇ ਗਏ ਇਤਿਹਾਸਕ ਭਾਰਤ-ਅਫਗਾਨਿਸਤਾਨ ਟੈਸਟ ਮੈਚ ਦੇ ਤੀਜੇ ਦਿਨ ਨੂੰ ਦੇਖਣ ਦਾ ਮੌਕਾ ਮਿਲਿਆ। ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਪੱਧਰ ਦੀ ਕ੍ਰਿਕਟ ਨੂੰ ਨੇੜੇ ਤੋਂ ਦੇਖਿਆ ਅਤੇ ਭਾਰਤੀ ਕ੍ਰਿਕਟ ਦੇ ਇਤਿਹਾਸਕ ਪਲ ਦੇ ਗਵਾਹ ਬਣੇ, ਜਦੋਂ ਭਾਰਤ ਦੀ ਨੈਸ਼ਨਲ ਕ੍ਰਿਕਟ ਟੀਮ ਨੇ ਅਫ਼ਗਾਨਿਸਤਾਨ ਨੈਸ਼ਨਲ ਕ੍ਰਿਕਟ ਟੀਮ ਨੂੰ ਇੱਕ ਪਾਰੀ ਅਤੇ 300 ਦੌੜਾਂ ਨਾਲ ਹਰਾ ਕੇ ਆਪਣੀ ਸਭ ਤੋਂ ਵੱਡੀ ਟੈਸਟ ਜਿੱਤ ਦਰਜ ਕੀਤੀ।ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਉੱਚ ਪੱਧਰੀ ਖੇਡ ਮੁਕਾਬਲਿਆਂ ਤੋਂ ਪ੍ਰੇਰਿਤ ਕਰਨਾ ਸੀ। ਮੈਚ ਦੌਰਾਨ ਵਿਦਿਆਰਥੀਆਂ ਨੇ ਖਿਡਾਰੀਆਂ ਦੀ ਅਨੁਸ਼ਾਸਨ, ਮਿਹਨਤ, ਟੀਮ ਵਰਕ ਅਤੇ ਖੇਡ ਭਾਵਨਾ ਨੂੰ ਨੇੜੇ ਤੋਂ ਦੇਖਿਆ ਅਤੇ ਉਨ੍ਹਾਂ ਤੋਂ ਮਹੱਤਵਪੂਰਨ ਸਿੱਖਿਆ ਪ੍ਰਾਪਤ ਕੀਤੀ।

ਸਕੂਲ ਪ੍ਰਬੰਧਨ ਨੇ ਇਸ ਮੌਕੇ ‘ਤੇ ਨਵਾਂਸ਼ਹਿਰ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਯਾਦਗਾਰ ਦੌਰਾ ਸੰਭਵ ਹੋ ਸਕਿਆ। ਪ੍ਰਬੰਧਨ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਲੀਡਰਸ਼ਿਪ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੇ ਹਨ।

ਮੈਚ ਦੇਖਣ ਤੋਂ ਬਾਅਦ ਵਿਦਿਆਰਥੀ ਬਹੁਤ ਉਤਸ਼ਾਹਿਤ ਅਤੇ ਪ੍ਰੇਰਿਤ ਨਜ਼ਰ ਆਏ। ਉਨ੍ਹਾਂ ਨੇ ਸਟੇਡੀਅਮ ਦੇ ਰੋਮਾਂਚਕ ਮਾਹੌਲ ਦਾ ਪੂਰਾ ਆਨੰਦ ਮਾਣਿਆ ਅਤੇ ਭਵਿੱਖ ਵਿੱਚ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਦਾ ਸੰਕਲਪ ਲਿਆ।

ਦ ਨੋਰਵੁੱਡ ਸਕੂਲ, ਚਾਹਲ ਆਪਣੇ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਹੋਰ ਸਹਿ-ਪਾਠਕ੍ਰਮ ਗਤੀਵਿਧੀਆਂ ਰਾਹੀਂ ਉਨ੍ਹਾਂ ਦੀਆਂ ਪ੍ਰਤਿਭਾਵਾਂ ਨੂੰ ਨਿਖਾਰਨ ਲਈ ਸਦਾ ਵਚਨਬੱਧ ਹੈ।

"ਖੇਡਾਂ ਸਿਰਫ਼ ਮੈਦਾਨ ਦੇ ਚੈਂਪੀਅਨ ਹੀ ਨਹੀਂ ਬਣਾਉਂਦੀਆਂ, ਸਗੋਂ ਜੀਵਨ ਵਿੱਚ ਆਤਮ-ਵਿਸ਼ਵਾਸੀ ਅਤੇ ਜ਼ਿੰਮੇਵਾਰ ਨਾਗਰਿਕ ਵੀ ਤਿਆਰ ਕਰਦੀਆਂ ਹਨ।"

for more news visit: www.samajweekly.com

# ਰੈਡ ਕਰਾਸ ਸੁਸਾਇਟੀ ਵਲੋਂ ਖ਼ੂਨਦਾਨ ਕੈਂਪ 'ਚ 111 ਯੂਨਿਟ ਹੋਏ ਇਕੱਠੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਸਥਾਨਕ ਸੈਂਚੁਰੀ ਪਲਾਈਬੋਰਡਸ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ ਜਿਸ ਵਿੱਚ ਕੰਪਨੀ ਦੇ ਸਮੂਹ ਮੁਲਾਜ਼ਮਾਂ ਵੱਲੋਂ 111 ਯੂਨਿਟ ਖ਼ੂਨ ਦਾਨ ਕੀਤਾ ਗਿਆ। ਕੈਂਪ ਦਾ ਰਸਮੀ ਉਦਘਾਟਨ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਆਸ਼ਿਕਾ ਜੈਨ ਨੇ ਕੀਤਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਖ਼ੂਨਦਾਨੀਆਂ ਦੇ ਹੌਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖ਼ੂਨਦਾਨ ਇੱਕ ਅਜਿਹਾ ਮਹਾਨ ਦਾਨ ਹੈ, ਜੋ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਕੀਮਤੀ ਜਾਨਾਂ ਬਚਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਂਦਾ ਹੈ। ਉਨ੍ਹਾਂ ਨੇ ਸੈਂਚੁਰੀ ਪਲਾਈਬੋਰਡਸ ਦੀ ਪੂਰੀ ਲੀਡਰਸ਼ਿਪ, ਸਟਾਫ਼ ਅਤੇ ਪ੍ਰਬੰਧਕਾਂ ਦਾ ਇਸ ਪਹਿਲਕਦਮੀ ਲਈ ਦਿਲੋਂ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਕੈਂਪ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਅਨੂਪ ਸ਼ਰਮਾ, ਭੁਪਿੰਦਰ ਸਿੰਘ ਜਸਵਾਲ, ਸੁਨੀਲ ਸ਼ੇਖਾਵਤ, ਅਪੂਰਵਾ ਸੁਦਾਨੀ, ਉਪਿੰਦਰਾ ਤ੍ਰਿਪਾਠੀ, ਰੋਹਿਤ ਸ਼ਰਮਾ, ਡਾ. ਸ਼ਿਵਮ ਅੰਗਰੀਸ਼, ਸਿਵਲ ਹਸਪਤਾਲ ਦੀ ਮੈਡੀਕਲ ਟੀਮ, ਰੈੱਡ ਕਰਾਸ ਦੇ ਸਮੁੱਚੇ ਸਟਾਫ਼ ਅਤੇ ਅਮਿਤ ਚੌਹਾਨ ਸਮੇਤ ਸਮੁੱਚੀ ਟੀਮ ਦਾ ਬੇਹੱਦ ਸਹਿਯੋਗ ਰਿਹਾ। ਡਿਪਟੀ ਕਮਿਸ਼ਨਰ ਨੇ ਖ਼ੂਨਦਾਨੀਆਂ ਨੂੰ ਮੈਡਲ, ਸਰਟੀਫੀਕੇਟ ਦੇ ਕੇ ਸਨਮਾਨਿਤ ਵੀ ਕੀਤਾ। ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਰੈੱਡ ਕਰਾਸ ਵੱਲੋਂ ਹੁਸ਼ਿਆਰਪੁਰ ਦੇ ਵੱਖ-ਵੱਖ ਉਦਯੋਗਾਂ ਅਤੇ ਫੈਕਟਰੀਆਂ ਵਿੱਚ ਲਗਾਤਾਰ ਫਸਟ ਏਡ ਟ੍ਰੇਨਿੰਗ ਕੈਂਪ ਲਗਾਏ ਜਾ ਰਹੇ ਹਨ, ਜਿੱਥੇ ਸਿਖਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਵੀ ਜਾਗਰੂਕ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਰੈੱਡ ਕਰਾਸ ਦੁਆਰਾ ਉਦਯੋਗਿਕ ਖੇਤਰਾਂ ਨੂੰ ਖ਼ੂਨਦਾਨ ਮੁਹਿੰਮ ਨਾਲ ਜੋੜਨ ਲਈ ਨਵੀਂ ਪਹਿਲ ਕੀਤੀ ਗਈ ਹੈ। ਜਿਸ ਤਹਿਤ ਸਭ ਤੋਂ ਪਹਿਲਾਂ ਸੈਂਚੁਰੀ ਪਲਾਈਬੋਰਡਸ ਨੇ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਕੀਤੀ ਹੈ। ਰੈੱਡ ਕਰਾਸ ਸੁਸਾਇਟੀ ਦੇ ਸੰਯੁਕਤ ਸਕੱਤਰ ਅਦਿੱਤਿਆ ਰਾਣਾ ਸਮੇਤ ਰੈੱਡ ਕਰਾਸ ਟੀਮ ਵੀ ਇਸ ਮੌਕੇ ਹਾਜ਼ਰ ਸੀ।




# ਬੱਚੀ ਦੇ ਕਾਤਲ ਦੀ ਜੇਲ੍ਹ ਅੰਦਰ ਚਾਕੂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਦੀ ਸੁਣਵਾਈ ਸ਼ੁਰੂ

**ਲੈਸਟਰ (ਇੰਗਲੈਂਡ), 10 ਜੂਨ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੀ ਉੱਚ ਸੁਰੱਖਿਆ ਵਾਲੀ ਵੇਕਫੀਲਡ ਜੇਲ੍ਹ ਵਿੱਚ ਦੋ ਸਾਲਾ ਬੱਚੀ ਲੋਲਾ ਜੇਮਜ਼ ਦੇ ਕਾਤਲ ਕਾਇਲ ਬੇਵਨ ਦੀ ਹੱਤਿਆ ਦੇ ਮਾਮਲੇ ਦੀ ਸੁਣਵਾਈ ਲੀਡਜ਼ ਕਰਾਊਨ ਅਦਾਲਤ ਵਿੱਚ ਸ਼ੁਰੂ ਹੋ ਗਈ ਹੈ। ਅਦਾਲਤ ਨੂੰ ਦੱਸਿਆ ਗਿਆ ਕਿ 33 ਸਾਲਾ ਬੇਵਨ ਉੱਤੇ ਜੇਲ੍ਹ ਦੀ ਕੋਠੜੀ ਅੰਦਰ ਸਿਰਫ਼ ਚਾਰ ਮਿੰਟ 39 ਸਕਿੰਟ ਦੌਰਾਨ 25 ਵਾਰ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ, ਜਿਸ ਕਾਰਨ ਉਸ ਦੇ ਦਿਲ ਅਤੇ ਮੁੱਖ ਖ਼ੂਨ ਦੀਆਂ ਨਾੜੀਆਂ ਨੂੰ ਗੰਭੀਰ ਨੁਕਸਾਨ ਪਹੁੰਚਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਰਕਾਰੀ ਵਕੀਲ ਨੇ ਜਿਊਰੀ ਨੂੰ ਦੱਸਿਆ ਕਿ ਬੇਵਨ ਦੇ ਕੋਠੜੀ ਵਿੱਚ ਦਾਖ਼ਲ ਹੋਣ ਮਗਰੋਂ ਤਿੰਨ ਕੈਦੀ ਲੀ ਨਿਊਵੈਲ, ਮਾਰਕ ਫੈਲੋਜ਼ ਅਤੇ ਡੇਵਿਡ ਟੇਲਰ ਵੀ ਉਸ ਦੇ ਪਿੱਛੇ ਅੰਦਰ ਗਏ ਅਤੇ ਕੁਝ ਮਿੰਟਾਂ ਬਾਅਦ ਬਾਹਰ ਨਿਕਲ ਆਏ।

ਮੁਕੱਦਮੇ ਦੌਰਾਨ ਕਿਹਾ ਗਿਆ ਕਿ ਹਮਲੇ ਤੋਂ ਬਾਅਦ ਬੇਵਨ ਨੂੰ ਮੰਜੇ ਉੱਤੇ ਇਸ ਤਰ੍ਹਾਂ ਲਿਟਾ ਦਿੱਤਾ ਗਿਆ ਜਿਵੇਂ ਉਹ ਸੁੱਤਾ ਹੋਵੇ ਅਤੇ ਉਹ ਰਾਤ ਭਰ ਖ਼ੂਨ ਵਗਣ ਕਾਰਨ ਮਰ ਗਿਆ। ਉਸ ਦੀ ਲਾਸ਼ ਅਗਲੇ ਦਿਨ ਸਵੇਰੇ ਜੇਲ੍ਹ ਦੀ ਗਿਣਤੀ ਦੌਰਾਨ ਮਿਲੀ। ਜਾਂਚ ਦੌਰਾਨ ਇੱਕ ਮੁੜਿਆ ਹੋਇਆ ਧਾਤ ਦਾ ਟੁਕੜਾ ਵੀ ਬਰਾਮਦ ਹੋਇਆ ਜਿਸ ਉੱਤੇ ਬੇਵਨ ਦਾ ਖ਼ੂਨ ਮਿਲਿਆ ਅਤੇ ਜਿਸ ਨੂੰ ਕਥਿਤ ਹਥਿਆਰ ਮੰਨਿਆ ਜਾ ਰਿਹਾ ਹੈ। ਬੇਵਨ ਨੂੰ ਸਾਲ 2023 ਵਿੱਚ ਆਪਣੀ ਸਾਥਣ ਦੀ ਦੋ ਸਾਲਾ ਧੀ ਲੋਲਾ ਜੇਮਜ਼ ਦੇ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਬੱਚੀ ਦੇ ਸਰੀਰ 'ਤੇ 101 ਸੱਟਾਂ ਦੇ ਨਿਸ਼ਾਨ ਮਿਲੇ ਸਨ ਅਤੇ ਡਾਕਟਰਾਂ ਨੇ ਉਸ ਦੀਆਂ ਸੱਟਾਂ ਦੀ ਤੁਲਨਾ ਇੱਕ ਭਿਆਨਕ ਸੜਕ ਹਾਦਸੇ ਨਾਲ ਕੀਤੀ ਸੀ। ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਵੇਕਫੀਲਡ ਜੇਲ੍ਹ ਵਿੱਚ ਬੱਚਿਆਂ ਵਿਰੁੱਧ ਅਪਰਾਧ ਕਰਨ ਵਾਲੇ ਕੈਦੀਆਂ ਅਤੇ ਹੋਰ ਕੈਦੀਆਂ ਵਿਚਕਾਰ ਲੰਮੇ ਸਮੇਂ ਤੋਂ ਤਣਾਅ ਮੌਜੂਦ ਸੀ। ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਤਿੰਨੇ ਕੈਦੀਆਂ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਮਾਮਲੇ ਦੀ ਸੁਣਵਾਈ ਜਾਰੀ ਹੈ।


**ਦੋ ਸਾਲਾ ਲੋਲਾ ਜੇਮਜ਼ ਦੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਕਾਇਲ ਬੇਵਨ, ਜਿਸ ਦੀ ਵੇਕਫੀਲਡ ਜੇਲ੍ਹ ਵਿੱਚ ਹੱਤਿਆ ਕਰ ਦਿੱਤੀ ਗਈ।ਤਸਵੀਰ:- ਸੁਖਜਿੰਦਰ ਸਿੰਘ ਢੱਡੇ**

# ਸਾਊਥੈਂਪਟਨ ਹਿੰਸਾ ਮਾਮਲੇ ਵਿੱਚ ਪੰਜ ਹੋਰ ਦੋਸ਼ੀਆਂ ਨੂੰ ਕੈਦ

ਲੈਸਟਰ (ਇੰਗਲੈਂਡ), 10 ਜੂਨ (ਸੁਖਜਿੰਦਰ ਸਿੰਘ ਢੱਡੇ)- ਸਾਊਥੈਂਪਟਨ ਵਿੱਚ ਨੌਜਵਾਨ ਹੈਨਰੀ ਨੋਵਾਕ ਦੇ ਕਤਲ ਤੋਂ ਬਾਅਦ ਭੜਕੀ ਹਿੰਸਾ ਅਤੇ ਅਸ਼ਾਂਤੀ ਦੇ ਮਾਮਲੇ ਵਿੱਚ ਸਾਊਥੈਂਪਟਨ ਕਰਾਊਨ ਅਦਾਲਤ ਨੇ ਪੰਜ ਹੋਰ ਦੋਸ਼ੀਆਂ ਨੂੰ ਕੈਦ ਦੀਆਂ ਸਜ਼ਾਵਾਂ ਸੁਣਾਈਆਂ ਹਨ। ਅਦਾਲਤ ਨੇ ਡੈਨੀਅਲ ਫਰੌਸਟ ਨੂੰ 2 ਸਾਲ 4 ਮਹੀਨੇ, ਰੀਸ ਰੌਬਿਨਸਨ ਨੂੰ 2 ਸਾਲ, ਟੇਲਰ ਗਰੰਡੀ ਨੂੰ ਢਾਈ ਸਾਲ, ਐਂਡਰਿਊ ਸਮਰਹੇਜ਼ ਨੂੰ 3 ਸਾਲ 2 ਮਹੀਨੇ ਅਤੇ ਡਿਲਨ ਕ੍ਰਾਫੋਰਡ ਨੂੰ 3 ਸਾਲ ਦੀ ਕੈਦ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਇਸ ਹਿੰਸਾ ਨੇ ਲੋਕਾਂ ਵਿੱਚ ਡਰ ਅਤੇ ਬੇਚੈਨੀ ਦਾ ਮਾਹੌਲ ਪੈਦਾ ਕੀਤਾ ਅਤੇ ਜਨਤਕ ਸੇਵਾਵਾਂ ਉੱਤੇ ਭਾਰੀ ਬੋਝ ਪਾਇਆ। ਅਦਾਲਤ ਵਿੱਚ ਦੱਸਿਆ ਗਿਆ ਕਿ 2 ਜੂਨ ਨੂੰ ਹੋਈਆਂ ਘਟਨਾਵਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਉੱਤੇ ਬੋਤਲਾਂ, ਡੱਬੇ, ਕੂੜਾਦਾਨ ਅਤੇ ਹੋਰ ਵਸਤਾਂ ਸੁੱਟੀਆਂ, ਅੱਗਜ਼ਨੀ ਕੀਤੀ ਅਤੇ ਪੁਲਿਸ ਦੀਆਂ ਕਤਾਰਾਂ ਵੱਲ ਕੂੜਾਦਾਨ ਧੱਕੇ, ਜਿਸ ਕਾਰਨ 12 ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਅਤੇ ਕਾਫ਼ੀ ਜਾਇਦਾਦ ਦਾ ਨੁਕਸਾਨ ਹੋਇਆ। ਸੁਣਵਾਈ ਦੌਰਾਨ ਪੇਸ਼ ਕੀਤੀਆਂ ਵੀਡੀਓਜ਼ ਵਿੱਚ ਕੁਝ ਦੋਸ਼ੀਆਂ ਨੂੰ ਲੱਕੜ ਦੇ ਟੁਕੜੇ, ਧਾਤੂ ਕੁਰਸੀਆਂ ਅਤੇ ਹੋਰ ਵਸਤਾਂ ਪੁਲਿਸ ਵੱਲ ਸੁੱਟਦੇ ਹੋਏ ਦੇਖਿਆ ਗਿਆ। ਜੱਜ ਵਿਲੀਅਮ ਮੌਸਲੇ ਨੇ ਕਿਹਾ ਕਿ ਅਜਿਹੀ ਹਿੰਸਾ ਨੂੰ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਇਸ ਨਾਲ ਪੁਲਿਸ ਤੇ ਸਰਕਾਰੀ ਖ਼ਜ਼ਾਨੇ ਉੱਤੇ ਲੱਖਾਂ ਪੌਂਡ ਦਾ ਵਾਧੂ ਬੋਝ ਪਿਆ ਹੈ। ਅਦਾਲਤ ਵਿੱਚ ਕੁਝ ਦੋਸ਼ੀਆਂ ਨੇ ਆਪਣੇ ਕੀਤੇ ਉੱਤੇ ਪਛਤਾਵਾ ਵੀ ਪ੍ਰਗਟਾਇਆ, ਜਦਕਿ ਸਜ਼ਾ ਸੁਣਾਏ ਜਾਣ ਸਮੇਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਭਾਵੁਕ ਹੋ ਗਏ। ਇਹ ਹਿੰਸਾ ਉਸ ਵੇਲੇ ਭੜਕੀ ਸੀ ਜਦੋਂ ਹੈਨਰੀ ਨੋਵਾਕ ਦੀ ਹੱਤਿਆ ਨਾਲ ਸਬੰਧਤ ਪੁਲਿਸ ਬਾਡੀ ਕੈਮਰੇ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਵਿੱਚ ਰੋਸ ਫੈਲ ਗਿਆ ਸੀ। ਇਸੇ ਮਾਮਲੇ ਵਿੱਚ ਇਕ ਹੋਰ ਦੋਸ਼ੀ ਕੇਵਿਨ ਰੀਵਜ਼ ਦੋਸ਼ ਕਬੂਲ ਕਰ ਚੁੱਕਾ ਹੈ, ਜਿਸ ਨੂੰ 30 ਜੂਨ ਨੂੰ ਸਜ਼ਾ ਸੁਣਾਈ ਜਾਵੇਗੀ, ਜਦਕਿ ਇਸ ਤੋਂ ਪਹਿਲਾਂ ਦੋ ਹੋਰ ਵਿਅਕਤੀਆਂ ਨੂੰ ਵੀ ਇਸੇ ਮਾਮਲੇ ਵਿੱਚ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ। ਉੱਧਰ, ਹੈਨਰੀ ਨੋਵਾਕ ਦੇ ਪਰਿਵਾਰ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਮੌਤ ਨੂੰ ਨਫ਼ਰਤ ਜਾਂ ਵੰਡ ਫੈਲਾਉਣ ਲਈ ਵਰਤਿਆ ਨਹੀਂ ਜਾਣਾ ਚਾਹੀਦਾ।


**ਸਾਊਥੈਂਪਟਨ ਹਿੰਸਾ ਮਾਮਲੇ ਵਿੱਚ ਕੈਦ ਦੀ ਸਜ਼ਾ ਪ੍ਰਾਪਤ ਕਰਨ ਵਾਲੇ ਡੈਨੀਅਲ ਫਰੌਸਟ,ਰੀਸ ਰੌਬਿਨਸਨ, ਕੋਨਰ ਬਿਸ਼ਪ,ਅਤੇ ਲਿਓਨ ਓ'ਲੀਰੀ।ਤਸਵੀਰ:- ਸੁਖਜਿੰਦਰ ਸਿੰਘ ਢੱਡੇ**

# ਸਿੰਗੜੀਵਾਲਾ ਨੇ ਫਗਵਾੜੇ ਬੇਗਮਪੁਰਾ ਪੰਥਕ ਇਕੱਠ ਲਈ ਸੰਗਤਾਂ ਨੂੰ ਕੀਤਾ ਲਾਮਬੰਦ

**ਹੁਸ਼ਿਆਰਪੁਰ 10 ਜੂਨ ( ਤਰਸੇਮ ਦੀਵਾਨਾ )** ਗੁਰੂ ਸਾਹਿਬ ਵੱਲੋਂ ਬਖਸ਼ੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਕੁਝ ਫਿਰਕਾਪ੍ਰਸਤ ਤਾਕਤਾਂ ਵੱਲੋਂ ਸਿੱਖ ਸਮਾਜ ਅਤੇ ਦਲਿਤ ਸਮਾਜ ਵਿੱਚ ਵੰਡੀਆਂ ਪਾ ਕੇ ਇੱਕ ਦੂਜੇ ਤੋਂ ਦੂਰ ਕਰਨ ਲਈ ਬਹੁਤ ਗੰਭੀਰ ਸਾਜਿਸ਼ਾਂ ਹੋ ਰਹੀਆਂ ਹਨ ਜਿਨਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਨਾਲ ਰੋਕਣ ਲਈ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਫਗਵਾੜਾ ਦਾਣਾ ਮੰਡੀ ਵਿਖੇ ਬੇਗਮਪੁਰਾ ਪੰਥਕ ਇਕੱਠ ਹੋ ਰਿਹਾ ਹੈ ਜਿਸ ਲਈ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸੰਦੀਪ ਸਿੰਘ ਖਾਲਸਾ ਟਾਂਡਾ ਮੈਂਬਰ ਪੀ ਏ ਸੀ ਨੇ ਰੋਡ ਮਾਜਰਾ ਵਿਖੇ ਕੁਲਵੀਰ ਸਿੰਘ ਰੋਡ ਮਾਜਰਾ ਦੀ ਅਗਵਾਈ ਹੇਠ ਇਕੱਠ ਵਿੱਚ ਸ਼ਾਮਿਲ ਹੋਣ ਲਈ ਸੰਗਤਾਂ ਨੂੰ ਲਾਮਬੱਧ ਕੀਤਾ ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਤੇ ਸੰਦੀਪ ਸਿੰਘ ਖਾਲਸਾ ਟਾਂਡਾ ਨੇ ਕਿਹਾ ਕਿ ਟੁੱਟ ਰਹੀਆਂ ਸਾਂਝਾ ਨੂੰ ਮੁੜ ਗੰਡਣਾ ਇੱਕ ਮਾਨਵਤਾਵਾਦੀ ਅਤੇ ਸਰਬੱਤ ਦੇ ਭਲੇ ਦਾ ਕਾਰਜ ਹੈ ਇਸ ਵਿੱਚ ਸਾਨੂੰ ਵੱਧ ਚੜ ਕੇ ਹਿੱਸਾ ਪਾਉਣਾ ਚਾਹੀਦਾ ਹੈ ਇਸ ਸਮੇਂ ਨਿਰਮਲ ਸਿੰਘ ਰੋਡ ਮਾਜਰਾ, ਕੁਲਬੀਰ ਸਿੰਘ ਮੌਜੀਪੁਰ, ਜਸਵਿੰਦਰ ਸਿੰਘ ਕੁੱਕੜ ਮੁਜਾਰਾ, ਬੂਟਾ ਸਿੰਘ ਰੋਡ ਮਜਾਰਾ, ਸਤਨਾਮ ਸਿੰਘ ਨੰਗਲਾਂ, ਗੋਗਾ ਰੋਡ ਮੁਜਾਰਾ, ਸ਼ਾਹਿਦ ਰੋਡ ਮਜਾਰਾ, ਨਿਰਮਲ ਸਿੰਘ ਨੰਗਲਾ, ਅਰਜਨ ਰੋਡ ਮਜਾਰਾ ਆਦਿ ਹਾਜ਼ਰ ਸਨ !



**ਫੋਟੋ ਅਜਮੇਰ ਦੀਵਾਨਾ**

## ਬਦਲਾਅ



ਨਿੱਕੇ ਹੁੰਦੇ ਇਹ ਸੁਣਦੇ ਸਾਂ ,
ਪੰਡ ਚੋਰ 'ਤੋਂ ਕਾਹਲ਼ੀ ਹੋਈ ।
ਮਗਰੋਂ ਤੱਕਿਆ ਹੈ ਨੂੰਹ ਰਾਣੀ
ਸੀ ਸਹੁਰੇ ਦੀ ਸਾਲ਼ੀ ਹੋਈ ।
ਅੱਜ ਬੁਢਾਪਾ ਆਉਂਦੇ ਆਉਂਦੇ,
ਅਪਣੇ ਅੱਖੀਂ ਵੇਖ ਲਿਆ ਏ ;
ਬਾਰਾਂ ਤਾਲ਼ੀ ਸੱਸ ਹੁੰਦੀ ਸੀ ,
ਨੂੰਹ ਹੈ ਤੇਰਾਂ ਤਾਲ਼ੀ ਹੋਈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## ਜੇ ਕੱਫ਼ਣ ਦੇ ਲੱਗੀ ਜੇਬ ਵੀ ਹੋਵੇ'



ਜੇ ਕੱਫ਼ਣ ਦੇ ਲੱਗੀ ਜੇਬ ਵੀ ਹੋਵੇ ।
ਕੀਤੀ ਮਾਇਆ ਸੇਵ ਵੀ ਹੋਵੇ ।
ਚਾਹੇ ਖੱਟੀ ਮਰ ਮਰਕੇ ਤੂੰ,
ਚਾਹੇ ਝੂਠ ਫਰੇਬ ਦੀ ਹੋਵੇ।
ਮਰਕੇ ਕਿਹੜਾ ਜਾਣਾ ਟੁਰ ਤੇ,
ਜੋ ਲੈ ਜਾਵੇਗਾ ਜੇਬ 'ਚ ਪਾਕੇ !
ਦੇ ਦਿੱਤਾ ਜਦ ਵਿੱਚ ਲੱਕੜਾਂ ਦੇ,
ਜੋ ਪਾਇਆ ਰੱਖ ਲੈਣਾ ਲਾਹਕੇ।
ਕੁਝ ਲੈ ਜਾਣਾ ਦੂਰ ਦੀ ਗੱਲ,
ਜਾਣਾ ਤਨ ਤੇ ਸਾਂਹ ਗਵਾਕੇ ।
ਦੇ ਦਿੱਤਾ ਜਦ ਵਿੱਚ ਲੱਕੜਾਂ ਦੇ,
ਜੋ ਪਾਇਆ ਰੱਖ ...

**ਮੇਜਰ ਸਿੰਘ ਬੁਢਲਾਡਾ**
**94176 42327**

## ਕੋਈ ਕੀਮਤ ਨਹੀਂ

ਮੈਂ ਭੱਜਿਆ ਹੋਇਆ ਘੜਾ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਚੌਰਾਹੇ ਤੇ ਖੜਾ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਹੱਥ ਦੀ ਛੇਵੀਂ ਉਂਗਲੀ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਕਿਤਾਬ ਦਾ ਪਹਿਲਾ ਪੰਨਾ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਇਕ ਫਿਊਜ ਬਲਬ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਐਕਸਪਾਰੀ ਵਾਲੀ ਦਵਾਈ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਨਾ ਸਮਝ ਆਦਮੀ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਬਿਨਾਂ ਮੌਸਮ ਦੀ ਬਰਸਾਤ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਦਿਨ ਵਿੱਚ ਜਲਦਾ ਦੀਵਾ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਆਕਾਸ਼ ਵਿੱਚ ਤ੍ਰਿਸ਼ੰਕੂ ਹਾਂ
ਜਿਸ ਦੀ ਕੋਈ ਕੀਮਤ ਨਹੀਂ।
ਮੈਂ ਸੂਰਜ ਅੱਗੇ ਜੁਗਨੂੰ ਹਾਂ
ਜਿਸ ਦੀ ਕੋਈ ਕੀਮਤ ਨਹੀਂ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 3590 45**
**ਰੋਹਤਕ ਹਰਿਆਣਾ**

## "ਹੱਕਦਾਰ"

ਹੱਕਾਂ ਦੀ ਜਦ ਗੱਲ ਕਰੀਏ, ਦੋਸ਼ੀ ਠਹਿਰਾਏ ਜਾਂਦੇ ਨੇ,
ਚੁੱਪ ਰਹਿਣ ਵਾਲਿਆਂ ਦੇ ਮੱਥੇ ਤਾਜ ਸਜਾਏ ਜਾਂਦੇ ਨੇ।

ਸੱਚ ਦੀ ਚੌਖਟ ਉੱਤੇ ਅਕਸਰ ਜਿੰਦੇ ਲੱਗੇ ਮਿਲਦੇ ਨੇ,
ਝੂਠ ਦੇ ਦਰਬਾਰਾਂ ਅੰਦਰ ਜਸ਼ਨ ਮਨਾਏ ਜਾਂਦੇ ਨੇ।

ਰੋਟੀ, ਰੁਜ਼ਗਾਰਾਂ ਦੀ ਖ਼ਾਤਰ ਜਿਹੜੇ ਸੜਕਾਂ ਮੱਲਦੇ ਨੇ,
ਉਹਨਾਂ ਦੇ ਹੀ ਸੁਪਨਿਆਂ ਉੱਤੇ ਪਹਿਰੇ ਲਾਏ ਜਾਂਦੇ ਨੇ।

ਮਿਹਨਤ ਵਾਲੇ ਹੱਥਾਂ ਨੂੰ ਤਾਂ ਵੇਲਾ ਵੀ ਨਾ ਮਿਲਦਾ ਏ,
ਕੁਝ ਚਿਹਰੇ ਬਿਨ ਮਿਹਨਤ ਕੀਤੇ ਸਿਰਮੌਰ ਬਣਾਏ ਜਾਂਦੇ ਨੇ।

ਸਵਾਲਾਂ ਤੋਂ ਡਰਦੇ ਲੋਕੀਂ ਕੁਰਸੀਆਂ ਨੂੰ ਚੰਬੜ ਬੈਠੇ ਨੇ,
ਇਸੇ ਲਈ ਹਰ ਸੱਚੇ ਮੁੱਖ ਨੂੰ ਚੁੱਪ ਕਰਾਏ ਜਾਂਦੇ ਨੇ।

ਵਕਤ ਦੇ ਕਾਗਜ਼ ਉੱਤੇ ਇੱਕ ਦਿਨ ਸਾਰਾ ਲੇਖਾ ਆਉਣਾ ਏ,
ਕਿੰਨੇ ਘਰ ਉਜਾੜੇ ਗਏ ਤੇ ਕਿੰਨੇ ਵਸਾਏ ਜਾਂਦੇ ਨੇ।

ਜਿਉਂਦੇ ਜੀ ਜੋ ਦਰਦ ਸਹਿੰਦੇ, ਕੋਈ ਪੁੱਛਣ ਵਾਲਾ ਨਹੀਂ,
ਮਰ ਜਾਣ ਮਗਰੋਂ ਉਹਨਾਂ ਉੱਤੇ ਫੁੱਲ ਚੜ੍ਹਾਏ ਜਾਂਦੇ ਨੇ।

ਪ੍ਰਿਥਵੀ ਇਹ ਕਿਹੋ ਜਿਹਾ ਦੌਰ ਆਇਆ ਲੋਕਤੰਤਰ ਦੇ ਨਾਮ ਹੇਠ,
ਹੱਕ ਮੰਗਣ ਵਾਲੇ ਰੋਕੇ ਜਾਂਦੇ, ਚਾਪਲੂਸ ਵਧਾਏ ਜਾਂਦੇ ਨੇ।

**ਪ੍ਰਿਥਵੀ ਰਾਜ**
**ਸੰਗਰੂਰ**
**ਮੋ:-7626053712**

## ਜਨਮਦਿਨ ਮੁਬਾਰਕ



**ਤੇਗਜੋਤ ਸਿੰਘ**
**ਪਿਤਾ ਬਲਿਹਾਰ ਸਿੰਘ**
**ਮਾਤਾ ਨਵਜੋਤ ਕੌਰ**
**ਪਿੰਡ ਮਹਿਮਦਪੁਰ (ਫ਼ਤਿਹਗੜ੍ਹ ਸਾਹਿਬ)**

## ਜਨਮਦਿਨ ਮੁਬਾਰਕ



**ਕੁਲਰੋਨਕ ਸਿੰਘ ਚੰਡਿਹੋਕ**
**ਪਿਤਾ - ਜੁਪਿੰਦਰ ਸਿੰਘ**
**ਮਾਤਾ ਜੈਸਮੀਨ ਕੌਰ**
**ਬਰਨਾਲਾ**

## ਜਨਮਦਿਨ ਮੁਬਾਰਕ



**ਅਸ਼ੀਸ਼ ਕੁਮਾਰ**
**ਪਿਤਾ :- ਸ਼ਿਵਨਾਥ ਦਰਦੀ**
**ਮਾਤਾ :- ਮਮਤਾ**
**ਪਤਾ :- ਦਸਮੇਸ਼ ਨਗਰ ਫ਼ਰੀਦਕੋਟ**

# ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਵੱਲੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ 20 ਜੂਨ ਨੂੰ

**● 19 ਜੂਨ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂ ਚਿਤਾਵਨੀ ਪੱਤਰ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਦੇਣ ਦਾ ਫੈਸਲਾ ● ਭਗਵੰਤ ਮਾਨ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਸਖਤ ਨਿਖੇਧੀ**

**ਫ਼ਰੀਦਕੋਟ ( ਸ਼ਿਵਨਾਥ )** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾ ਪੱਧਰੀ ਕਨਵੈਨਸ਼ਨ ਦੌਰਾਨ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਨੂੰ ਜ਼ਿਲ੍ਹਾ ਫਰੀਦਕੋਟ ਵਿੱਚ ਲਾਗੂ ਕਰਨ ਲਈ ਅੱਜ ਸਥਾਨਕ ਪੈਨਸ਼ਨਰ ਭਵਨ ਵਿਖੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਮੁਲਾਜ਼ਮ ਆਗੂ ਜਤਿੰਦਰ ਕੁਮਾਰ, ਨਵਪ੍ਰੀਤ ਸਿੰਘ , ਨਰਿੰਦਰ ਸਿੰਘ ਟੀ ਐਸ ਯੂ, ਸਿਮਰਜੀਤ ਸਿੰਘ ਬਰਾੜ , ਸੁਖਮੰਦਰ ਸਿੰਘ ਗਿੱਲ ਪੀ ਆਰ ਟੀ ਸੀ , ਦਰਜਾ ਚਾਰ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਅਤੇ ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮੰਗਾਂ ਸਬੰਧੀ ਧਾਰਨ ਕੀਤੇ ਗਏ ਵਤੀਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਆਗੂਆਂ ਨੇ ਬੀਤੇ ਦਿਨੀਂ ਪਟਿਆਲਾ ਵਿਖੇ ਬੇਰੁਜ਼ਗਾਰ ਲਾਈਨਮੈਨ ਮੁਲਾਜ਼ਮਾਂ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸ਼ਹਿ ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅੰਨੇਵਾਹ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਤਸ਼ੱਦਦ ਨੇ ਹੁਣ ਤੱਕ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ ਅਤੇ ਸੱਤਾ ਧਿਰ ਦੇ 95 ਗੂੰਗੇ ਪਹਿਲਵਾਨਾਂ ਵਿੱਚੋਂ ਕਿਸੇ ਇੱਕ ਦੀ ਵੀ ਜ਼ਮੀਰ ਵੀ ਨਹੀਂ ਜਾਗੀ। ਆਗੂਆਂ ਨੇ ਕਿਹਾ ਕਿ ਇਹਨਾਂ ਸੁੱਤੀਆਂ ਜਮੀਰਾਂ ਵਾਲੇ ਲੋਕਾਂ ਨੂੰ ਪੰਜਾਬ ਦੇ ਲੋਕਾਂ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਤਕੜਾ ਸਬਕ ਸਿਖਾਇਆ ਜਾਵੇਗਾ ।



ਆਗੂਆਂ ਨੇ ਡੀ ਏ ਦੇ ਮਾਮਲੇ ਨੂੰ ਲੈਕੇ ਪੰਜਾਬ ਦੀ ਕੈਬਨਿਟ ਸਬ ਕਮੇਟੀ ਦੇ ਮੈਂਬਰਾਂ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਡਾਕਟਰ ਬਲਜੀਤ ਕੌਰ ਦੇ ਹਸਤਾਖਰਾਂ ਹੇਠ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਖਲ ਕੀਤੀ ਗਈ ਰਿਪੋਰਟ ਨੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨ ਵਿਰੋਧੀ ਚਿਹਰਾ ਮੋਹਰਾ ਲੋਕਾਂ ਦੀ ਕਚਹਿਰੀ ਵਿੱਚ ਬਿਲਕੁਲ ਨੰਗਾ ਕਰਕੇ ਰੱਖ ਦਿੱਤਾ ਹੈ।

ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 19 ਜੂਨ ਦਿਨ ਸ਼ੁੱਕਰਵਾਰ ਨੂੰ ਸਵੇਰੇ ਠੀਕ 10 ਵਜੇ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਚਿਤਾਵਨੀ ਪੱਤਰ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਦਿੱਤਾ ਜਾਵੇਗਾ। ਮੀਟਿੰਗ ਦੌਰਾਨ ਇਹ ਵੀ ਨਿਰਣਾ ਲਿਆ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਵੱਲੋਂ 20 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ ਠੀਕ 10 ਵਜੇ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਜ਼ਿਲ੍ਹਾ ਪੱਧਰੀ ਕਨਵੈਂਸ਼ਨ ਕੀਤੀ ਜਾਵੇਗੀ ਅਤੇ ਕਨਵੈਨਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਸਾਹਮਣੇ ਕੀਤੇ ਜਾਣ ਵਾਲੇ ਘੜੇ ਭੰਨ ਮੁਜਾਹਰਿਆਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਆਗੂ ਸੋਮ ਨਾਥ ਅਰੋੜਾ, ਜਗਤਾਰ ਸਿੰਘ ਗਿੱਲ, ਮਾਸਟਰ ਮੱਖਣ ਸਿੰਘ, ਡਾਕਟਰ ਨਵਤੇਜ ਸਿੰਘ, ਬਿਸ਼ਨ ਕੁਮਾਰ ਅਰੋੜਾ,ਪ੍ਰਦੀਪ ਸਿੰਘ ਬਰਾੜ ,ਗੁਰਿੰਦਰ ਸਿੰਘ ਮਣੀ, ਸੰਤ ਸਿੰਘ ਮੁੱਖ ਅਧਿਆਪਕ ਇੰਦਰਜੀਤ ਸਿੰਘ ਗਿੱਲ, ਗੁਰਚਰਨ ਸਿੰਘ ਮਾਨ, ਕਰਮਜੀਤ ਸਿੰਘ ਬੇਦੀ, ਮਨਮੋਹਨ ਸਿੰਘ, ਦਰਸ਼ਨ ਸਿੰਘ ਅਤੇ ਅਜੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

## ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਬਲਬੀਰ ਸਿਆਣ ਨੂੰ ਰਾਮਗੜ੍ਹੀਆ ਸਮਾਜ ਕਲਿਆਣ ਬੋਰਡ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ

**ਨਵਾਂਸ਼ਹਿਰ, 10 ਜੂਨ (ਜਤਿੰਦਰਪਾਲ ਸਿੰਘ ਕਲੇਰ)**: ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਚੇਅਰਮੈਨ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਪਾਰਟੀ ਦੇ ਸਭ ਤੋਂ ਪੁਰਾਣੇ, ਅਤੀ ਮਿਹਨਤੀ ਅਤੇ ਵਫ਼ਾਦਾਰ ਸਿਪਾਹੀ ਬਲਬੀਰ ਸਿਆਣ ਨੂੰ 'ਰਾਮਗੜ੍ਹੀਆ ਸਮਾਜ ਕਲਿਆਣ ਬੋਰਡ' ਐੱਸ.ਬੀ.ਐੱਸ. ਨਗਰ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਢੇਰ ਸਾਰੀਆਂ ਮੁਬਾਰਕਬ-ਾਦ ਦਿੱਤੀਆਂ ਗਈਆਂ ਹਨ। ਇਸ ਮੌਕੇ ਜਾਰੀ ਇੱਕ ਬਿਆਨ ਵਿੱਚ ਬ੍ਰਿਗੇਡੀਅਰ ਰਾਜ ਕੁਮਾਰ ਨੇ ਆਮ ਆਦਮੀ ਪਾਰਟੀ ਦੀ ਹਾਈਕਮਾਂਡ, ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਇੱਕ ਮਿਹਨਤੀ ਅਤੇ ਜਮੀਨੀ ਪੱਧਰ ਦੇ ਆਗੂ ਨੂੰ ਇਹ ਅਹਿਮ



ਜ਼ਿੰਮੇਵਾਰੀ ਸੌਂਪੀ ਹੈ। ਬ੍ਰਿਗੇਡੀਅਰ ਰਾਜ ਕੁਮਾਰ ਨੇ ਬੇਹੱਦ ਭਾਵੁਕ ਹੁੰਦਿਆਂ ਦੱਸਿਆ ਕਿ ਅੱਜ ਦੇ ਇਸ ਸ਼ੁਭ ਦਿਹਾੜੇ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਵਰਗਿਆ ਚੰਦਰ ਮੋਹਨ ਜੇ.ਡੀ. ਦਾ ਨਾਮ ਵੀ ਬ੍ਰਾਹਮਣ ਸਮਾਜ ਦੇ ਜ਼ਿਲ੍ਹਾ ਪ੍ਰਧਾਨ ਦੀ ਸੂਚੀ ਵਿੱਚ ਸ਼ਾਮਲ ਹੋਣਾ ਸੀ। ਉਨ੍ਹਾਂ ਕਿਹਾ, "ਮੈਂ ਨਿੱਜੀ ਤੌਰ 'ਤੇ ਚੇਅਰਮੈਨ ਸਾਹਿਬ ਤੋਂ ਉਨ੍ਹਾਂ ਦੇ ਨਾਮ ਦੀ ਮੰਜ਼ੂਰੀ ਕਰਵਾਈ ਸੀ, ਪਰ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ, ਜਿਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਗਹਿਰਾ ਸਦਮਾ ਹੈ।" ਆਪਣੇ ਬਿਆਨ ਵਿੱਚ ਉਨ੍ਹਾਂ ਅੱਗੇ ਦੱਸਿਆ ਕਿ ਉਨ੍ਹਾਂ ਦੇ ਬਚਪਨ ਦੇ ਬਹੁਤ ਹੀ ਪਿਆਰੇ ਕਲਾਸ-ਮੇਟ ਰਾਜ ਕੁਮਾਰ ਮੰਗਾ ਦੇ ਸਪੁੱਤਰ ਵਿਸ਼ੂ ਰਾਣਾ ਦਾ ਨਾਮ ਵੀ ਰਾਜਪੂਤ ਬੋਰਡ ਦੇ ਜ਼ਿਲ੍ਹਾ ਪ੍ਰਧਾਨ ਦੀ ਲਿਸਟ ਵਿੱਚ ਸ਼ਾਮਲ ਕਰਵਾਉਣ ਲਈ ਉਨ੍ਹਾਂ ਨੇ ਚੇਅਰਮੈਨ ਸਾਹਿਬ ਤੋਂ ਮਨਜ਼ੂਰੀ ਕਰਵਾਈ ਹੋਈ ਹੈ, ਜਿਸ ਦਾ ਫੈਸਲਾ ਹਾਲੇ ਫਾਈਨਲ ਹੋਣਾ ਬਾਕੀ ਹੈ। ਬ੍ਰਿਗੇਡੀਅਰ ਰਾਜ ਕੁਮਾਰ ਨੇ ਉਮੀਦ ਜਤਾਈ ਕਿ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਬਲਬੀਰ ਸਿਆਂਣ ਜੀ ਦੀ ਅਗਵਾਈ ਵਿੱਚ ਰਾਮਗੜ੍ਹੀਆ ਸਮਾਜ ਕਲਿਆਣ ਬੋਰਡ ਜ਼ਿਲ੍ਹੇ ਅੰਦਰ ਸ਼ਲਾਘਾਯੋਗ ਕੰਮ ਕਰੇਗਾ ਅਤੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

for more news visit:
www.samajweekly.com

## ਸ਼੍ਰੀ ਪੁਰਸ਼ੋਤਮ ਲਾਲ ਬਿੱਟੂ ਗਲਹੋਤਰਾ ਨੂੰ ਵਪਾਰ ਵਿੰਗ ਹਲਕਾ ਗੁਰੂ ਹਰ ਸਹਾਇ ਦਾ ਪ੍ਰਧਾਨ ਨਿਯੁਕਤ ਕੀਤਾ

**ਲੁਧਿਆਣਾ 10 ਜੂਨ (ਕਰਨੈਲ ਸਿੰਘ ਐੱਮ.ਏ.)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਅ ਤ ਐ ਨ.ਕੇ.ਸ਼ਰਮਾ ਜੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼੍ਰੀ ਪੁਰਸ਼ੋਤਮ ਲਾਲ ਬਿੱਟੂ ਗਲਹੋਤਰਾ ਜੀ ਨੂੰ ਵਪਾਰ



ਵਿੰਗ ਹਲਕਾ ਗੁਰੂ ਹਰ ਸਹਾਇ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅਸੀਂ ਉਨ੍ਹਾਂ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਦਿਲੋਂ ਵਧਾਈ ਦਿੰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਉਹ ਵਪਾਰੀ ਵਰਗ ਦੀਆਂ ਹੱਕੀ ਮੰਗਾਂ ਲਈ ਹਮੇਸ਼ਾਂ ਯਤਨਸ਼ੀਲ ਰਹਿਣਗੇ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਮੈਨੂੰ ਇਹ ਮਾਨ-ਸਨਮਾਨ ਬਖਸ਼ਿਆ।

## ਨਸੀਲੀਆ ਗੋਲੀਆਂ ਸਮੇਤ ਤਿੰਨ ਕਾਬੂ ਕੀਤੇ

**ਰਾਏਕੋਟ/ਹਠੂਰ (ਗੁਰਭਿੰਦਰ ਗੁਰੀ)** ਪੰਜਾਬ ਪੁਲਿਸ ਥਾਣਾ ਹਠੂਰ ਵੱਲੋ ਤਿੰਨ ਨੌਜਵਾਨਾ ਨੂੰ 20 ਨਸੀਲੀਆ ਗੋਲੀਆ ਸਮੇਂਤ ਕਾਬੂ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆ ਪੁਲਿਸ ਥਾਣਾ ਹਠੂਰ ਦੇ ਐਸ ਆਈ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਹਠੂਰ ਤੋ ਰਾਮੇ ਵਾਲੀ ਸੜਕ ਤੇ ਜਠੇਰਿਆ ਦੀ ਜਗ੍ਹਾ ਕੋਲ ਤਿੰਨ ਨੌਜਵਾਨ ਨਸੀਲੀਆ ਗੋਲੀਆ ਵੇਚਦੇ ਹਨ ਅਤੇ ਖੁਦ ਵੀ ਖਾਣ ਦੇ ਆਦੀ ਹਨ।ਜਿਸ ਦੇ ਅਧਾਰ ਤੇ ਪੁਲਿਸ ਨੇ ਮੌਕੇ ਤੋ ਹੀ ਪ੍ਰਿਤਪਾਲ ਸਿੰਘ ਉਰਫ ਪ੍ਰਿਤਾ ਪੁੱਤਰ ਹਰਦੇਵ ਸਿੰਘ ਪਿੰਡ ਚਕਰ,ਪਰਦੀਪ ਸਿੰਘ ਉਰਫ ਡਿੰਪੀ ਪੁੱਤਰ



ਸੁਖਵਿੰਦਰ ਸਿੰਘ ਵਾਸੀ ਰਣਧੀਰਗੜ੍ਹ ਅਤੇ ਨਰਿੰਦਰ ਸਿੰਘ ਉਰਫ ਨਿੰਦੀ ਪੁੱਤਰ ਨਾਥੀ ਰਾਮ ਪਿੰਡ ਭੰਮੀਪੁਰਾ ਕਲਾਂ ਨੂੰ ਨਸੀਲੀਆ ਗੋਲੀਆ ਸਮੇਤ ਗ੍ਰਿਫਤਾਰ ਕਰ ਲਿਆ ਹੈ।ਜਿਨ੍ਹਾ ਦੇ ਖਿਲਾਫ ਥਾਣਾ ਹਠੂਰ ਵਿਖੇ ਧਾਰਾ 22,27-61-85 ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਨੰਬਰ 96 ਦਰਜ ਕੀਤਾ ਗਿਆ ਹੈ ਅਤੇ ਬਾਕੀ ਪੁੱਛਗਿੱਛ ਕੀਤੀ ਜਾ ਰਹੀ ਹੈ।ਇਸ ਮੌਕੇ ਉਨ੍ਹਾ ਨਾਲ ਏ ਐਸ ਆਈ ਸੁਲੱਖਣ ਸਿੰਘ, ਏ ਐਸ ਆਈ ਕੁਲਵੰਤ ਸਿੰਘ,ਹੌਲਦਾਰ ਸਤਿੰਦਰ ਸਿੰਘ,ਮੁੱਖ ਮੁਨਸੀ ਕੁਲਵੰਤ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।

# ਬਲਾਚੌਰ ਹਲਕੇ ਦੀਆਂ ਵੇਰਕਾ ਸੁਸਾਇਟੀਆਂ ਦੇ ਮੈਂਬਰਾਂ ਦੀਆਂ ਜਲਦ ਬਣਨਗੀਆਂ ਵੋਟਾਂ: ਐਡਵੋਕੇਟ ਸੰਜੀਵ ਚੌਧਰੀ ਚੇਚੀ

**ਹਲਕੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਵੋਟ ਰਾਹੀਂ ਆਪਣਾ ਡਾਇਰੈਕਟਰ ਚੁਣ ਸਕਣਗੇ ਦੁੱਧ ਉਤਪਾਦਕ, ਸਰਕਾਰੀ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਪ੍ਰਕਿਰਿਆ ਜਲਦ ਹੋਵੇਗੀ ਸ਼ੁਰੂ**

**ਨਵਾਂਸ਼ਹਿਰ , 10 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਬਲਾਚੌਰ ਹਲਕੇ ਵਿੱਚ ਦੁੱਧ ਅਤੇ ਡੇਅਰੀ ਫਾਰਮਿੰਗ ਦੇ ਕਿੱਤੇ ਨਾਲ ਜੁੜੇ ਕਿਸਾਨਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਅਤੇ ਵੋਟ ਦੇ ਅਧਿਕਾਰ ਨੂੰ ਲੈ ਕੇ ਆਮ ਆਦਮੀ ਪਾਰਟੀ ਯੂਥ ਵਿੰਗ ਪੰਜਾਬ ਦੇ ਜਨਰਲ ਸਕੱਤਰ ਤੇ ਪੰਜਾਬ ਯੁਵਕ ਸੇਵਾਵਾਂ ਬੋਰਡ ਦੇ ਡਾਇਰੈਕਟਰ ਐਡਵੋਕੇਟ ਸੰਜੀਵ ਚੌਧਰੀ (ਚੇਚੀ) ਵੱਲੋਂ ਇੱਕ ਬਹੁਤ ਹੀ ਅਹਿਮ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਕਿਹਾ ਕਿ ਬਲਾਚੌਰ ਇਲਾਕੇ ਤੋਂ ਰੋਜ਼ਾਨਾ ਸਵਾ ਲੱਖ ਤੋਂ ਲੈ ਕੇ ਡੇਢ ਲੱਖ ਲੀਟਰ ਦੇ ਕਰੀਬ ਦੁੱਧ ਵੇਰਕਾ ਵੱਲ ਜਾਂਦਾ ਹੈ। ਹਲਕੇ ਵਿੱਚ 150 ਤੋਂ ਵੱਧ ਵੇਰਕਾ ਸੁਸਾਇਟੀਆਂ ਸਰਗਰਮ ਹਨ, ਪਰ ਇਹ ਬੜੀ ਮੰਦਭਾਗੀ ਗੱਲ ਅਤੇ ਇੱਕ ਵੱਡੀ ਤਰਾਸਦੀ ਰਹੀ ਹੈ ਕਿ ਇੱਥੋਂ ਦੇ ਮਿਹਨਤੀ ਲੋਕਾਂ ਦੀ ਅੱਜ ਤੱਕ ਕਦੇ ਵੋਟ ਹੀ ਨਹੀਂ ਬਣੀ। ਇਸੇ ਕਾਰਨ ਸੁਸਾਇਟੀਆਂ ਦੇ ਮੈਂਬਰ ਵੋਟ ਰਾਹੀਂ ਆਪਣਾ ਕੋਈ ਨੁਮਾਇੰਦਾ ਨਹੀਂ ਚੁਣ ਸਕਦੇ ਸਨ, ਜਦਕਿ ਮਿਲਕ ਪਲਾਂਟ ਦੇ ਫ਼ੈਸਲੇ ਲੈਣ ਅਤੇ ਡਿਸੀਜ਼ਨ ਮੇਕਿੰਗ ਪ੍ਰਕਿਰਿਆ ਵਿੱਚ ਡਾਇਰੈਕਟਰ ਦਾ ਬਹੁਤ ਵੱਡਾ ਰੋਲ ਹੁੰਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਗੰਭੀਰ ਮਸਲੇ ਦੇ ਹੱਲ ਲਈ ਪਿਛਲੇ ਹਫ਼ਤੇ ਹੀ ਉਨ੍ਹਾਂ ਦੀ ਸਰਕਾਰ ਦੇ ਉੱਚ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਹੋਈ ਹੈ। ਇਸ ਮੀਟਿੰਗ ਦੇ ਸਾਰਥਕ ਨਤੀਜੇ ਵਜੋਂ ਆਉਣ ਵਾਲੇ ਦੋ ਮਹੀਨਿਆਂ ਦੇ ਅੰਦਰ-ਅੰਦਰ ਸੁਸਾਇਟੀਆਂ ਦੇ ਮੈਂਬਰਾਂ



ਲਈ ਵੋਟਿੰਗ ਪ੍ਰਕਿਰਿਆ ਸ਼ੁਰੂ ਕਰਵਾ ਦਿੱਤੀ ਜਾਵੇਗੀ। ਇਸ ਫੈਸਲੇ ਤੋਂ ਬਾਅਦ ਆਉਣ ਵਾਲੀਆਂ ਚੋਣਾਂ ਦੇ ਵਿੱਚ ਹਲਕੇ ਦੇ ਜਿੰਨੇ ਵੀ ਬੀ.ਐੱਮ.ਸੀ. ਧਾਰਕ ਹਨ ਅਤੇ ਜਿਨ੍ਹਾਂ ਦੀਆਂ ਸੁਸਾਇਟੀਆਂ ਹਨ, ਉਹ ਸਾਰੇ ਵੋਟ ਪਾ ਕੇ ਆਪਣਾ ਡਾਇਰੈਕਟਰ ਖੁਦ ਚੁਣ ਸਕਣਗੇ। ਉਨ੍ਹਾਂ ਦਾਅਵਾ ਕੀਤਾ ਕਿ ਬਲਾਚੌਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਕਿਸਾਨਾਂ ਨੂੰ ਆਪਣੀ ਵੋਟ ਦਾ ਅਧਿਕਾਰ ਮਿਲੇਗਾ।

ਐਡਵੋਕੇਟ ਚੇਚੀ ਨੇ ਜ਼ੋਰ ਦੇ ਕੇ ਕਿਹਾ ਕਿ ਡਾਇਰੈਕਟਰ ਦੀ ਮਜ਼ਬੂਤ ਨੁਮਾਇੰਦਗੀ ਹੋਣ ਨਾਲ ਦੁੱਧ ਦੇ ਰੇਟਾਂ ਦੇ ਵਾਧੇ, ਸੁਸਾਇਟੀਆਂ ਵਿੱਚ ਨਵੀਆਂ ਆਧੁਨਿਕ ਮਸ਼ੀਨਾਂ ਲਿਆਉਣ, ਡੇਅਰੀ ਵਿਕਾਸ ਯੋਜਨਾਵਾਂ ਦਾ ਲਾਭ ਪਹੁੰਚਾਉਣ, ਕਿਸਾਨਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਹੋਰ ਸਾਰੇ ਅਹਿਮ ਮਸਲਿਆਂ 'ਤੇ ਇਲਾਕੇ ਦੀ ਆਵਾਜ਼ ਨੂੰ ਮਿਲਕ ਪਲਾਂਟ ਦੇ ਬੋਰਡ ਵਿੱਚ ਮਜ਼ਬੂਤੀ ਨਾਲ ਚੁੱਕਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਡੇਅਰੀ ਫਾਰਮਿੰਗ ਨਾਲ ਜੁੜੇ ਹਰ ਇੱਕ ਕਿਸਾਨ ਦੇ ਹੱਕ ਅਤੇ ਸਹੀ ਨੁਮਾਇੰਦਗੀ ਲਈ ਉਹ ਹਮੇਸ਼ਾ ਡਟ ਕੇ ਕੰਮ ਕਰਦੇ ਰਹਿਣਗੇ ਤਾਂ ਜੋ ਮਿਹਨਤਕਸ਼ ਕਿਸਾਨਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਵਾਇਆ ਜਾ ਸਕੇ।

# ਪਿੰਡ ਮੱਲ੍ਹਾ 'ਚ ਐਂਟੀ ਮਲੇਰੀਆ ਕੈਂਪ ਲਗਾਇਆ

**ਰਾਏਕੋਟ, ਜੂਨ--ਗੁਰਭਿੰਦਰ ਗੁਰੀ** ਜਿਲ੍ਹਾ ਲੁਧਿਆਣਾ ਦੇ ਸਿਵਲ ਸਰਜਨ ਡਾਕਟਰ ਰਮਨਦੀਪ ਕੌਰ ਆਹਲੂਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਰਕਾਰੀ ਹਸਪਤਾਲ ਹਠੂਰ ਦੇ ਐਸ ਐਮ ਓ ਡਾ: ਅਮਨ ਸ਼ਰਮਾ ਦੀ ਅਗਵਾਈ ਹੇਠ ਪਿੰਡ ਮੱਲ੍ਹਾ ਵਿਖੇ ਐਂਟੀ ਮਲੇਰੀਆ ਕੈਂਪ ਲਗਾਇਆ ਗਿਆ ।ਇਸ ਮੌਕੇ ਹੈਲਥ ਇਸਪੈਕਟਰ ਪ੍ਰਕਾਸ਼ ਸਿੰਘ ਬੀਹਲਾ ਕਿਹਾ ਕਿ ਬੁਖਾਰ ਮਾਦਾ ਐਨਾਫਲੀਜ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਖੜ੍ਹੇ ਅਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦੇ ਹਨ ਇਹ ਮੱਛਰ ਰਾਤ ਅਤੇ ਸਵੇਰ ਵੇਲੇ ਕੱਟਦੇ ਹਨ,ਮਲੇਰੀਆ ਬੁਖਾਰ ਦੇ ਲੱਛਣ ਠੰਢ ਅਤੇ ਕਾਂਬੇ ਨਾਲ ਬੁਖਾਰ ਸਿਰ ਦਰਦ ਹੋਣਾ ਬੁਖਾਰ ਉਤਰਨ ਤੋਂ ਬਾਅਦ ਕਮਜ਼ੋਰੀ ਹੋਣਾ ਅਤੇ ਸ਼ਰੀਰ ਨੂੰ ਪਸੀਨਾ ਆਉਣਾ ਆਦਿ ਹਨ।ਉਨ੍ਹਾ ਮਲੇਰੀਆ ਬੁਖਾਰ ਦੇ ਬਚਾਅ



ਲਈ ਕਿਹਾ ਕਿ ਘਰਾਂ ਦੇ ਆਲੇ ਦੁਆਲੇ ਛੋਟੇ ਟੋਇਆਂ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ ਅਤੇ ਟੋਇਆਂ ਨੂੰ ਮਿੱਟੀ ਨਾਲ ਭਰ ਦਿਓ,ਛੱਪੜਾਂ ਵਿੱਚ ਖੜ੍ਹੇ ਪਾਣੀ ਤੇ ਕਾਲੇ ਤੇਲ ਦਾ ਛਿੜਕਾਓ ਕਰੋ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਕੱਟ ਨਾ ਸਕੇ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤੇਮਾਲ ਕਰੋ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ ਬੁਖਾਰ ਹੋਣ ਤੇ ਨੇੜੇ ਦੇ ਸਿਹਤ ਸੰਸਥਾ ਜਾਂ ਸਰਕਾਰੀ ਹਸਪਤਾਲ ਨਾਲ ਸੰਪਰਕ ਕਰੋ ਮਲੇਰੀਆ ਦਾ ਟੈਸਟ ਅਤੇ ਇਲਾਜ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਸਰਪੰਚ ਗੁਰਮੇਲ ਸਿੰਘ ਮੱਲ੍ਹਾ, ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋ,ਪੰਚ ਗੁਰ-ਚਰਨ ਸਿੰਘ,ਪੰਚ ਬਿੱਕਰ,ਪੰਚ ਜਗਤਾਰ ਸਿੰਘ,ਪੰਚ ਨਛੱਤਰ ਸਿੰਘ,ਹੈਲਥ ਇਸਪੈਕਟਰ ਲਵਪ੍ਰੀਤ ਕੌਰ,ਭੁਪਿੰਦਰ ਸਿੰਘ,ਗੁਰਦੀਪ ਸਿੰਘ,ਕਮਲਜੀਤ ਕੌਰ, ਹੈਲਥ ਇਸਪੈਕਟਰ ਸਵਰਨ ਸਿੰਘ ਡੱਲਾ,ਬਲਜੀਤ ਕੌਰ,ਪਰਮਜੀਤ ਕੌਰ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

# ਅੰਗਦਾਨ ਦੇ ਸੰਕਲਪ ਕਰਨ ਵਾਲੇ ਨਾਗਰਿਕਾਂ ਦਾ ਨੇਤਰਦਾਨ ਐਸੋਸੀਏਸ਼ਨ ਵਲੋਂ ਸਨਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)** ਵਿਸ਼ਵ ਨੇਤਰਦਾਨ ਦਿਵਸ ਦੇ ਮੌਕੇ 'ਤੇ ਨੇਤਰਦਾਨ ਐਸੋਸੀਏਸ਼ਨ (ਰਜਿ.), ਹੁਸ਼ਿਆਰਪੁਰ ਵੱਲੋਂ ਸਿਵਲ ਹਸਪਤਾਲ ਹੁਸ਼ਿਆਰਪੁਰ ਸਥਿਤ ਆਪਣੇ ਦਫ਼ਤਰ ਵਿੱਚ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਬਲਰਾਜ ਸਿੰਘ ਅਤੇ ਸ੍ਰੀਮਤੀ ਲਖਵਿੰਦਰ ਕੌਰ ਨੇ ਮਰਨ ਉਪਰੰਤ ਆਪਣੀਆਂ ਅੱਖਾਂ ਅਤੇ ਹੋਰ ਅੰਗ ਮਨੁੱਖੀ ਭਲਾਈ ਲਈ ਦਾਨ ਕਰਨ ਦਾ ਸੰਕਲਪ ਲਿਆ। ਉਨ੍ਹਾਂ ਦੇ ਇਸ ਮਹਾਨ ਅਤੇ ਪ੍ਰੇਰਨਾਦਾਇਕ ਫ਼ੈਸਲੇ ਲਈ ਐਸੋਸੀਏਸ਼ਨ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰੋ. ਬਹਾਦਰ ਸਿੰਘ ਸੁਨੇਤ ਸਰਪ੍ਰਸਤ ਨੇ ਕੀਤੀ। ਇਸ ਮੌਕੇ ਸ.



ਗੁਰਪ੍ਰੀਤ ਸਿੰਘ (ਉਪ ਪ੍ਰਧਾਨ), ਸ. ਗੁਰਪਾਲ ਸਿੰਘ (ਪ੍ਰਚਾਰ ਸਕੱਤਰ), ਸ. ਓਂਕਾਰ ਸਿੰਘ ਧਾਮੀ (ਕਾਰਜਕਾਰਨੀ ਮੈਂਬਰ), ਮੈਡਮ ਲਖਵਿੰਦਰ ਕੌਰ, ਸ੍ਰੀਮਤੀ ਜਤਿੰਦਰ ਕੌਰ ਅਤੇ ਹੋਰ ਮੈਂਬਰ ਹਾਜ਼ਰ ਸਨ। ਸੰਬੋਧਨ ਕਰਦਿਆਂ ਮੈਂਬਰਾਂ ਨੇ ਦੱਸਿਆ ਕਿ ਐਸੋਸੀਏਸ਼ਨ ਪਿਛਲੇ 26 ਸਾਲਾਂ ਤੋਂ ਨੇਤਰਦਾਨ ਅਤੇ ਅੰਗਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਨਿਰੰਤਰ ਸੇਵਾ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇਤਰਦਾਨ ਅਤੇ ਅੰਗਦਾਨ ਲਈ ਅੱਗੇ ਆਉਣ ਅਤੇ ਕਿਸੇ ਲੋੜਵੰਦ ਦੀ ਜ਼ਿੰਦਗੀ ਵਿੱਚ ਰੌਸ਼ਨੀ ਅਤੇ ਨਵੀਂ ਉਮੀਦ ਲਿਆਉਣ।

## ਸ. ਬਲਦੇਵ ਸਿੰਘ ਸੈਣੀ ਵਲੋਂ ਸੁਪਰਡੈਂਟ ਗਰੇਡ-2 ਬਲਾਚੌਰ ਦਾ ਅਹੁੱਦਾ ਸੰਭਾਲਿਆ

**ਬਲਾਚੌਰ 10 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਦਫਤਰ ਉਪ ਮੰਡਲ ਮੈਜਿਸਟ੍ਰੇਟ ਬਲਾਚੌਰ ਵਿਖੇ ਅੱਜ ਸ.ਬਲਦੇਵ ਸਿੰਘ ਸੈਣੀ ਵਲੋਂ ਸੁਪਰਡੈਂਟ ਗਰੇਡ-2 ਦਾ ਅਹੁੱਦਾ ਸੰਭਾਣ ਉਪਰੰਤ ਦਫਤਰੀ ਕੰਮ ਆਰੰਭ ਕਰ ਦਿੱਤਾ ਹੈ । ਸੁਪਰਡੈਂਟ ਬਲਦੇਵ ਸਿੰਘ ਸੈਣੀ ਪਹਿਲੋ ਵੀ ਇਸ ਦਫਤਰ ਵਿੱਚ ਆਪਣੀਆਂ ਲੰਮਾ ਸਮ੍ਹਾਂ ਸੇਵਾਵਾਂ ਨਿਭਾ ਚੁੱਕੇ ਹਨ। ਜਿਹੜੇ ਕਿ ਬਹੁਤ ਹੀ ਨਿੱਘੇ ਅਤੇ ਮਿਲਾਣਸਾਰ ਸੁਭਾਅ ਦੇ ਮਾਲਕ ਹੋਣ ਕਾਰਨ ਉਨ੍ਹਾ ਦੀ ਇਸ ਦਫਤਰ ਵਿੱਚ ਮੁੜ ਤਾਇਨਾਤੀ ਹੋਣ ਕਾਰਨ ਦਫਤਰੀ ਸਟਾਫ ਅਤੇ ਪਬਲਿਕ ਵਿੱਚ ਵੀ ਖੁਸ਼ੀ ਪਾ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆ ਆਖਿਆ ਕਿ ਕਿਸੇ ਨੂੰ ਵੀ ਕੰਮ ਕਾਰ



ਕਰਾਉਣ ਵਿੱਚ ਕੋਈ ਮੁਸ਼ਿਕਲ ਨਹੀ ਆਉਣ ਦਿੱਤੀ ਜਾਵੇਗੀ ਅਤੇ ਜੇਕਰ ਕਿਸੇ ਵੀ ਸਖਸ਼ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਵੇ ਤਾਂ ਉਹ ਉਨ੍ਹਾਂ ਨਾਲ ਦਫਤਰ ਵਿੱਚ ਹਰ ਵੇਲੇ ਸੰਪਰਕ ਕਰ ਸਕਦਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਉਂਕਾਰ ਸਿੰਘ ਸੈਣੀ ਸਮੇਤ ਸਮੂਹ ਦਫਤਰੀ ਅਮਲੇ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ । ਯਾਦ ਰਹੇ ਕਿ ਸ.ਬਲਦੇਵ ਸਿੰਘ ਸੈਣੀ ਸੁਪਰਡੈਂਟ ਗਰੇਡ-2 ਸਬ ਡਵੀਜ਼ਨ ਬੰਗਾ ਤੋਂ ਬਦਲੀ ਹੋ ਕੇ ਬਲਾਚੌਰ ਆਏ ਹਨ ।

# ਪੰਜਾਬੀ ਸਾਹਿਤ ਸਭਾ ਧੂਰੀ ਰਜਿ: ਦੀ ਮਹੀਨਾਵਾਰ ਮੀਟਿੰਗ- ਪੰਜਾਬੀ ਭਾਸ਼ਾ ਵਿਰੋਧੀ ਫੈਸਲਿਆਂ ਖ਼ਿਲਾਫ਼ ਸਾਂਝੇ ਅਤੇ ਵਿਸ਼ਾਲ ਸੰਘਰਸ਼ ਦੀ ਲੋੜ - ਮੂਲ ਚੰਦ ਸ਼ਰਮਾ











**ਧੂਰੀ (ਰਮੇਸ਼ਵਰ ਸਿੰਘ )** ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਨੂੰ ਦਿਨੋਂ ਦਿਨ ਲੱਗ ਰਹੇ ਖੋਰੇ ਲਈ ਸਮੇਂ ਦੀਆਂ ਕੇਂਦਰੀ ਤੇ ਰਾਜ ਸਰਕਾਰਾਂ ਦੇ ਨਾ਼ਲ ਨਾ਼ਲ ਬਹੁ ਗਿਣਤੀ ਪੰਜਾਬੀ ਖ਼ੁਦ ਵੀ ਜ਼ਿੰਮੇਵਾਰ ਹਨ । ਰਾਜ ਵਿਚਲੇ ਸੈਨਿਕ ਸਕੂਲਾਂ ਵਿੱਚੋਂ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਬੰਦ ਕਰਕੇ ਵਾਧੂ ਵਿਸ਼ਾ ਕਰਨਾ , ਸੂਬਾ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 2008 ਨੂੰ ਅਮਲੀ ਰੂਪ ਵਿੱਚ ਲਾਗੂ ਨਾ ਕਰਨਾ ਅਤੇ ਲੋਕਾਂ ਵੱਲੋਂ ਸਹੀ ਤਰੀਕੇ ਨਾ਼ਲ ਆਵਾਜ਼ ਬੁਲੰਦ ਨਾ ਕਰਨਾ ਇਸ ਦੀ ਤਾਜ਼ਾ ਉਦਾਹਰਣ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਭਾ ਦੀ ਮਹੀਨਾਵਾਰ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ । ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਰਾਜ ਭਾਸ਼ਾ ਸੋਧ ਬਿਲ-2008 ਅਨੁਸਾਰ ਪੰਜਾਬ ਸਰਕਾਰ ਨੂੰ ਰਾਜ ਵਿਚਲੇ ਸਰਕਾਰੀ , ਅਰਧ ਸਰਕਾਰੀ , ਪ੍ਰਾਈਵੇਟ ਪਬਲਿਕ ਅਤੇ ਸੀ ਬੀ ਐੱਸ ਜੀ ਜਾਂ ਆਈ ਸੀ ਐੱਸ ਸੀ ਦੇ ਸਕੂਲਾਂ ਵਿੱਚ ਦਸਵੀਂ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਉਂਣ ਨੂੰ ਅਮਲੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਅਤੇ ਮਾਤ ਭਾਸ਼ਾ ਵਿੱਚ ਕੰਮ ਨਾ ਕਰਨ ਵਾ਼ਲੇ ਅਧਿਕਾਰੀਆਂ ਵਿਰੁੱਧ ਕਾਨੂੰਨ ਵਿੱਚ ਸਜ਼ਾ ਦੀ ਧਾਰਾ ਸ਼ਾਮਲ ਕਰਨੀ ਚਾਹੀਦੀ ਹੈ । ਇਸ ਤੋਂ ਉਪਰੰਤ ਗੁਰੂ ਜੀ ਦੇ ਜੀਵਨ ਅਤੇ ਅਦੁੱਤੀ ਸ਼ਹਾਦਤ ਬਾਰੇ ਗਿਆਨ ਸਿੰਘ ਬਾਵਾ ਅਤੇ ਰਾਮ ਚੰਦ ਸ਼ਰਮਾ ਨੇ ਵਿਸਥਾਰ ਸਹਿਤ ਆਪਣੇ ਵਿਚਾਰ ਸਾਂਝੇ ਕੀਤੇ ।

ਸਮਾਗਮ ਦੀ ਸ਼ੁਰੂਆਤ ਬੀਤੇ ਮਹੀਨੇ ਦੌਰਾਨ ਸਦੀਵੀ ਵਿਛੋੜਾ ਦੇਣ ਵਾ਼ਲੇ ਲੇਖਕਾਂ , ਕਲਾਕਾਰਾਂ ਅਤੇ ਮੈਂਬਰਾਂ ਦੇ ਸਕੇ ਸੰਬੰਧੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕੀਤੀ ਗਈ । ਜਨਵਰੀ ਮਹੀਨੇ ਤੋਂ ਲਗਾਤਾਰ ਚੱਲ ਰਹੇ ਕਵਿਤਾ ਸਿਖਲਾਈ ਸਕੂਲ ਦਾ ਛੇਵਾਂ ਪਾਠ ਪੜ੍ਹਾਉਂਦਿਆਂ ਛੰਦ ਸ਼ਾਸਤਰੀ ਅਧਿਆਪਕ ਜੰਗ ਸਿੰਘ ਫ਼ੱਟੜ ਵੱਲੋਂ ਚਰਨ ਅਤੇ ਸੀਰਸ਼ ਬਿੰਦੀਆਂ ਤੋਂ ਇਲਾਵਾ ਟਿੱਪੀ ਤੇ ਅੱਧਕ ਦੀ ਸਹੀ ਵਰਤੋਂ ਕਰਨ ਬਾਰੇ ਵੀ ਉਦਾਹਰਨਾਂ ਸਹਿਤ ਜਾਣਕਾਰੀ ਦਿੱਤੀ ਗਈ । ਜੂਨ ਮਹੀਨੇ ਵਿੱਚ ਜਨਮੇਂ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਿਆਂ ਸਨਮਾਨਿਤ ਵੀ ਕੀਤਾ ਗਿਆ ।

ਅਖ਼ੀਰ ਵਿੱਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਸੰਜੇ ਲਹਿਰੀ , ਜਗਦੇਵ ਸ਼ਰਮਾ , ਡਾ. ਪਰਮਜੀਤ ਸਿੰਘ ਦਰਦੀ , ਮਨਜੀਤ ਕੌਰ ਸੰਧੂ , ਗੁਰਜੰਟ ਮੀਮਸਾ , ਜਸਮੀਤ ਸਿੰਘ , ਹਰਬੰਸ ਸਿੰਘ ਬੇਨੜਾ , ਜਸਵੀਰ ਸਿੰਘ ਬੰਘਾਂਵਾਲੀ , ਬਖ਼ਸ਼ੀਸ਼ ਸਿੰਘ ਸਿੱਧੂ , ਬਲਜੀਤ ਸਿੰਘ ਬਾਂਸਲ , ਰਾਜੂ ਨਾਹਰ ਗੀਤਕਾਰ , ਰਾਮ ਲੁਬਾਣੇ ਵਾ਼ਲਾ , ਪਰਮਜੀਤ ਸੰਧੂ , ਸੁਖਦੇਵ ਸ਼ਰਮਾ , ਡਾ. ਹਰਪਾਲ ਸਿੰਘ ਭੜੀ , ਕੁਲਵਿੰਦਰ ਕੌਰ ਕਾਜਲ , ਮੰਨਤ ਢੀਂਡਸਾ , ਸੁੱਖੀ ਮੂਲੋਵਾਲ , ਰਣਜੀਤ ਸਿੰਘ ਧੂਰੀ , ਜੰਗ ਸਿੰਘ ਫ਼ੱਟੜ , ਗੁਰਦਿਆਲ ਨਿਰਮਾਣ ਧੂਰੀ , ਪੇਂਟਰ ਸੁਖਦੇਵ ਸਿੰਘ , ਜਗਤਾਰ ਸਿੰਘ ਸਿੱਧੂ , ਜੀਵਨ ਬੜੀ ਅਤੇ ਚਰਨਜੀਤ ਮੀਮਸਾ ਨੇ ਆਪੋ ਆਪਣੀਆਂ ਰਚਨਾਵਾਂ ਭੇਂਟ ਕੀਤੀਆਂ । ਮੰਚ ਸੰਚਾਲਕ ਦੀ ਜ਼ਿੰਮੇਵਾਰੀ ਮਨਪ੍ਰੀਤ ਕੌਰ ਢੀਂਡਸਾ ਨੇ ਬਾਖ਼ੂਬੀ ਨਿਭਾਈ ।

# ਹੱਕ ਮੰਗਦੇ ਬੇਰੁਜ਼ਗਾਰਾਂ 'ਤੇ ਡਾਂਗਾਂ ਵਰ੍ਹਾਉਣ ਵਿੱਚ 'ਆਪ', ਕਾਂਗਰਸ ਅਤੇ ਅਕਾਲੀ-ਭਾਜਪਾ ਸਭ ਇੱਕੋ ਥਾਲੀ ਦੇ ਚੱਟੇ-ਬੱਟੇ: ਡਾ. ਕਰੀਮਪੁਰੀ

## ਪਾਵਰਕਾਮ ਦਫ਼ਤਰ ਅੱਗੇ 4 ਜੂਨ ਨੂੰ ਲਾਈਨਮੈਨਾਂ 'ਤੇ ਹੋਇਆ ਲਾਠੀਚਾਰਜ ਭਗਵੰਤ ਮਾਨ ਸਰਕਾਰ ਦੇ ਮੱਥੇ 'ਤੇ ਕਲੰਕ--- ਪਰਜਾਪਤੀ ਅਜੀਤ ਸਿੰਘ ਭੈਣੀ

**ਜਲੰਧਰ/ਚੰਡੀਗੜ੍ਹ: (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅੱਜ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਇੱਕ ਅਹਿਮ ਪ੍ਰੈਸ ਬਿਆਨ ਜਾਰੀ ਕਰਦਿਆਂ ਪੰਜਾਬ ਦੀਆਂ ਮੌਜੂਦਾ ਅਤੇ ਪੁਰਾਣੀਆਂ ਸਰਕਾਰਾਂ ਨੂੰ ਤਿੱਖੇ ਨਿਸ਼ਾਨੇ 'ਤੇ ਲਿਆ ਹੈ। ਡਾ. ਕਰੀਮਪੁਰੀ ਨੇ ਵੱਖ-ਵੱਖ ਸਰਕਾਰਾਂ ਦੇ ਕਾਰਜਕਾਲ ਦੌਰਾਨ ਆਪਣੇ ਹੱਕਾਂ, ਪੱਕੀ ਭਰਤੀ ਅਤੇ ਰੁਜ਼ਗਾਰ ਦੀ ਮੰਗ ਕਰ ਰਹੇ ਬੇਰੁਜ਼ਗਾਰ ਨੌਜਵਾਨਾਂ (ਈ.ਟੀ.ਟੀ., ਬੀ.ਐੱਡ. ਟੈੱਟ ਪਾਸ ਅਧਿਆਪਕ, ਲਾਈਨਮੈਨ ਅਤੇ ਸਿਹਤ ਕਰਮੀਆਂ) ਉੱਤੇ ਹੋਏ ਵਹਿਸ਼ੀਆਨਾ ਲਾਠੀਚਾਰਜਾਂ ਦਾ ਤਰੀਕਾਂ ਅਤੇ ਸਾਲਾਂ ਸਮੇਤ ਕੱਚਾ-ਚਿੱਠਾ ਜਨਤਕ ਕੀਤਾ ਹੈ।

ਡਾ. ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੰਦਰ ਪਿਛਲੇ ਦੋ ਦਹਾਕਿਆਂ ਦਾ ਇਤਿਹਾਸ ਗਵਾਹ ਹੈ ਕਿ ਚਾਹੇ ਸਰਕਾਰ ਅਕਾਲੀ-ਭਾਜਪਾ ਗਠਜੋੜ ਦੀ ਰਹੀ ਹੋਵੇ, ਕਾਂਗਰਸ ਦੀ ਜਾਂ ਫਿਰ ਮੌਜੂਦਾ ਆਮ ਆਦਮੀ ਪਾਰਟੀ ਦੀ—ਸੂਬੇ ਦੀ ਜਵਾਨੀ ਦੀ ਆਵਾਜ਼ ਨੂੰ ਦਬਾਉਣ ਲਈ ਹਰ ਦੌਰ ਦੇ ਹਾਕਮਾਂ ਨੇ ਸਿਰਫ਼ ਲਾਠੀਚਾਰਜ, ਵਾਟਰ ਕੈਨਨ ਅਤੇ ਪੁਲਸੀਆ ਜਬਰ ਦਾ ਹੀ ਸਹਾਰਾ ਲਿਆ ਹੈ।

ਸਰਕਾਰਾਂ ਦੇ ਜਬਰ ਦਾ ਸਾਲਵਾਰ ਵੇਰਵਾ:

ਡਾ. ਕਰੀਮਪੁਰੀ ਨੇ ਸਰਕਾਰਾਂ ਦੇ ਬੇਰਹਿਮ ਚਿਹਰੇ ਨੂੰ ਨੰਗਾ ਕਰਦਿਆਂ ਹੇਠ ਲਿਖੇ ਅੰਕੜੇ ਪੇਸ਼ ਕੀਤੇ:

1. ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ (2022 - ਹੁਣ ਤੱਕ):

04 ਜੂਨ 2026 (ਪਟਿਆਲਾ): ਅਜੇ ਕੁਝ ਦਿਨ ਪਹਿਲਾਂ ਹੀ ਪਾਵਰਕਾਮ (ਫਸ਼ਫਛ਼ਲ) ਦੇ ਮੁੱਖ ਦਫ਼ਤਰ ਅੱਗੇ ਪੱਕੀ ਭਰਤੀ ਮੰਗ ਰਹੇ 2600 ਅਪ੍ਰੈਂਟਿਸ ਲਾਈਨਮੈਨਾਂ 'ਤੇ ਮਾਨ ਸਰਕਾਰ ਦੀ ਪੁਲਿਸ ਨੇ ਤਿੱਖਾ ਲਾਠੀਚਾਰਜ ਕਰਕੇ ਕਈ ਨੌਜਵਾਨਾਂ ਦੇ ਸਿਰ ਪਾੜ ਦਿੱਤੇ।

07 ਜਨਵਰੀ 2025 (ਸੰਗਰੂਰ): ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਵੱਧ ਰਹੇ ਈ.ਟੀ.ਟੀ. ਬੇਰੁਜ਼ਗਾਰ ਅਧਿਆਪਕਾਂ ਨੂੰ ਸੜਕਾਂ 'ਤੇ ਬੇਰਹਿਮੀ ਨਾਲ ਕੁੱਟਿਆ ਗਿਆ।

15 ਦਸੰਬਰ 2023 (ਸੰਗਰੂਰ): ਸਾਂਝੇ ਬੇਰੁਜ਼ਗਾਰ ਮੋਰਚੇ ਦੇ ਨੌਜਵਾਨਾਂ ਉੱਤੇ ਭਾਰੀ ਬਲ ਪ੍ਰਯੋਗ ਕੀਤਾ ਗਿਆ।

13 ਜੁਲਾਈ 2022 (ਸੰਗਰੂਰ): ਬਦਲਾਅ ਦੇ ਨਾਂ 'ਤੇ ਆਈ ਸਰਕਾਰ ਨੇ ਮਹਿਜ਼ ਕੁਝ ਮਹੀਨਿਆਂ ਬਾਅਦ ਹੀ ਬੀ.ਐੱਡ. ਟੈੱਟ ਪਾਸ ਬੇਰੁਜ਼ਗਾਰ




ਅਧਿਆਪਕਾਂ ਅਤੇ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ ਵਾਲਾਂ ਤੋਂ ਘਸੀਟਿਆ।

2. ਕਾਂਗਰਸ ਸਰਕਾਰ ਦਾ ਕਾਰਜਕਾਲ (2017 - 2022):

05 ਦਸੰਬਰ 2021 (ਪਟਿਆਲਾ): ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਕਾਲ ਦੌਰਾਨ ਬੇਰੁਜ਼ਗਾਰਾਂ 'ਤੇ ਇਸ ਕਦਰ ਟੁੱਟ ਕੇ ਪੁਲਿਸ ਪਈ ਕਿ ਨੌਜਵਾਨਾਂ ਨੂੰ ਨਹਿਰ ਵਿੱਚ ਛਾਲਾਂ ਮਾਰਨੀਆਂ ਪਈਆਂ।

23 ਜੂਨ 2021, 27 ਫਰਵਰੀ 2020 ਅਤੇ 18 ਦਸੰਬਰ 2019 (ਪਟਿਆਲਾ): ਕੈਪਟਨ ਅਮਰਿੰਦਰ ਸਿੰਘ ਦੇ 'ਘਰ-ਘਰ ਰੁਜ਼ਗਾਰ' ਦੇ ਝੂਠੇ ਵਾਅਦੇ ਖ਼ਿਲਾਫ਼ ਮੋਤੀ ਮਹਿਲ ਵੱਲ ਵਧ ਰਹੇ ਅਧਿਆਪਕਾਂ 'ਤੇ ਵਾਈ.ਪੀ.ਐਸ. ਚੌਕ ਵਿਖੇ ਵਾਰ-ਵਾਰ ਲਾਠੀਆਂ ਵਰ੍ਹਾਈਆਂ ਗਈਆਂ।

3. ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ (2007 - 2017):

12 ਫਰਵਰੀ 2016 ਅਤੇ 05 ਮਈ 2015 (ਬਠਿੰਡਾ): ਸੁਖਬੀਰ ਸਿੰਘ ਬਾਦਲ ਦੇ ਸੰਗਤ ਦਰਸ਼ਨਾਂ ਦੌਰਾਨ ਰੁਜ਼ਗਾਰ ਮੰਗਣ ਆਏ ਲਾਈਨਮੈਨਾਂ ਅਤੇ ਮਹਿਲਾ ਅਧਿਆਪਕਾਵਾਂ 'ਤੇ ਡਾਂਗਾਂ ਚਲਾਈਆਂ ਗਈਆਂ।

09 ਦਸੰਬਰ 2011 (ਬਠਿੰਡਾ): ਚੋਣਾਂ ਤੋਂ ਐਨ ਪਹਿਲਾਂ ਨੌਕਰੀ ਮੰਗਦੇ ਈ.ਟੀ.ਟੀ. ਪਾਸ ਬੇਰੁਜ਼ਗਾਰਾਂ 'ਤੇ ਭਿਅੰਕਰ ਪੁਲਸੀਆ ਕਹਿਰ ਢਾਹਿਆ ਗਿਆ।

05 ਸਤੰਬਰ 2009 (ਕਪੂਰਥਲਾ/ਜਲੰਧਰ): ਅਧਿਆਪਕ ਦਿਵਸ ਵਰਗੇ ਪਵਿੱਤਰ ਦਿਨ 'ਤੇ ਹੱਕ ਮੰਗਦੇ ਬੇਰੁਜ਼ਗਾਰਾਂ ਨੂੰ ਸੜਕਾਂ 'ਤੇ ਕੁਚਲਿਆ ਗਿਆ।

ਬਸਪਾ ਦੀ ਮੰਗ ਅਤੇ ਅਗਲਾ ਸੰਘਰਸ਼:

ਬਸਪਾ ਸੂਬਾ ਪ੍ਰਧਾਨ ਨੇ ਆਖਿਆ ਕਿ "ਪੰਜਾਬ ਸੰਭਾਲੋ ਮੁਹਿੰਮ" ਦਾ ਮੁੱਖ ਮਕਸਦ ਹੀ ਇਨ੍ਹਾਂ ਰਵਾਇਤੀ ਪਾਰਟੀਆਂ ਦੇ ਦੋਗਲੇ ਚਿਹਰੇ ਨੂੰ ਜਨਤਾ ਦੇ ਸਾਹਮਣੇ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੀਡਰ ਵੋਟਾਂ ਵੇਲੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀਆਂ ਸਹੁੰਆਂ ਖਾਂਦੇ ਹਨ, ਉਹ ਸੱਤਾ ਵਿੱਚ ਆਉਂਦੇ ਹੀ ਨੌਜਵਾਨਾਂ ਨੂੰ ਜੇਲ੍ਹਾਂ ਅਤੇ ਹਸਪਤਾਲਾਂ ਵਿੱਚ ਪਹੁੰਚਾ ਦਿੰਦੇ ਹਨ।

ਡਾ. ਕਰੀਮਪੁਰੀ ਨੇ ਮੌਜੂਦਾ ਭਗਵੰਤ ਮਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਬੇਰੁਜ਼ਗਾਰਾਂ 'ਤੇ ਲਾਠੀਤੰਤਰ ਬੰਦ ਕਰਕੇ ਤੁਰੰਤ ਪੱਕੀ ਭਰਤੀ ਦੇ ਨੋਟੀਫਿਕੇਸ਼ਨ ਜਾਰੀ ਕਰੇ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪੀੜਤ ਨੌਜਵਾਨਾਂ ਅਤੇ ਬੇਰੁਜ਼ਗਾਰ ਯੂਨੀਅਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਇਸ ਜਬਰ ਦੇ ਖ਼ਿਲਾਫ਼ ਪੂਰੇ ਸੂਬੇ ਅੰਦਰ ਅੰਦੋਲਨ ਨੂੰ ਹੋਰ ਤੇਜ਼ ਕਰੇਗੀ ਇਸ ਮੌਕੇ ਪਾਰਟੀ ਦੇ ਸਟੇਟ ਕੁਆਰਡੀਨੇਟਰ ਪਰਜਾਪਤੀ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਸਰਕਾਰ ਦੇ ਜਬਰ ਨੂੰ ਖਤਮ ਕਰਨੇ ਲਈ ਪੰਜਾਬੀਆਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨਾਲ ਜੁੜਨਾ ਚਾਹੀਦਾ ਤਾਂ ਕਿ 78 ਸਾਲਾਂ ਚ ਪੰਜਾਬ ਦੇ ਜਵਾਨਾਂ ਨੂੰ ਡੰਡਿਆਂ ਨਾਲ ਕੁੱਟਣ ਵਾਲੇ ਸੱਤਾ ਵਿੱਚ ਰਹੇ ਅਕਾਲੀ ਬੀਜੇਪੀ ਕਾਂਗਰਸ ਆਪ ਨੂੰ ਸਤਾ ਤੋਂ ਲਾਂਭੇ ਕਰਕੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਬਸਪਾ ਦੀ ਸਰਕਾਰ ਬਣਾਈ ਜਾ ਸਕੇ ਇਸ ਮੌਕੇ ਪਾਰਟੀ ਦੇ ਸਟੇਟ ਵਾਈਸ ਪ੍ਰਧਾਨ ਬਲਦੇਵ ਸਿੰਘ ਮਹਿਰਾ,ਜਨਰਲ ਸੈਕਟਰੀ ਸਰਦਾਰ ਜੋਗਾ ਸਿੰਘ, ਸਰਦਾਰ ਬਲਜੀਤ ਸਿੰਘ ਸਲਾਣਾ ਜਨਰਲ ਸੈਕਟਰੀ ਸਟੇਟ,ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਟਿੱਬੀ,ਸਰਦਾਰ ਜਰਨੈਲ ਸਿੰਘ ਆਈਟੀਓ ਰਿਟਾਇਰਡ, ਸਰਦਾਰ ਬੰਤ ਸਿੰਘ ਰਿਟਾਇਰਡ ਆਈਟੀਓ ਤੋ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਵਰਕਰ ਅਤੇ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਨੌਜਵਾਨ ਹਾਜਰ ਸਨ।

# ਜਗਰਾਓਂ ਇਲਾਕੇ ਦੇ ਦਰਜ਼ਨ ਕਿਸਾਨ ਪਰਿਵਾਰ ਬਸਪਾ 'ਚ ਸ਼ਾਮਲ

## 2027 ਚ ਪੰਜਾਬ ਚ ਬਸਪਾ ਦੀ ਸਰਕਾਰ ਬਣਾਵਾਗੇ – ਕਿਸਾਨ ਆਗੂ



**ਜਗਰਾਓਂ 10 ਜੂਨ (ਚਰਨਜੀਤ ਸੱਲ੍ਹਾ )** ਜਗਰਾਓਂ ਇਲਾਕੇ ਚ ਅੱਜ ਉਸ ਵਕ਼ਤ ਬਹੁਜਨ ਸਮਾਜ ਪਾਰਟੀ ਨੂੰ ਤਕੜਾ ਬੱਲ ਮਿਲਿਆ ਜਦੋਂ ਦਰਜਨ ਦੇ ਕਰੀਬ ਕਿਸਾਨ ਪਰਿਵਾਰਾਂ ਵੱਲੋਂ ਵੱਖ ਵੱਖ ਪਾਰਟੀਆਂ ਛੱਡ ਕੇ ਬਹੁਜਨ ਸਮਾਜ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।

ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਸਾਬਕਾ ਇੰਚਾਰਜ ਸੁਖਜੀਤ ਸਿੰਘ ਸਲੇਮਪੁਰੀ ਦੀ ਹਾਜ਼ਰੀ ਵਿੱਚ ਕਿਸਾਨ ਆਗੂ ਹਰਜਿੰਦਰ ਸਿੰਘ ਘੁਮਾਣ , ਡਾ ਸੁਖਦੇਵ ਸਿੰਘ , ਪ੍ਰਦੀਪ ਸਿੰਘ ਚਕਰ , ਹਰਜਿੰਦਰ ਸਿੰਘ ਦੇਹੜ੍ਹਕਾ, ਨਵਜੋਤ ਸਿੰਘ ਚਕਰ, ਬਾਬਾ ਜਗਜੀਵਨ ਸਿੰਘ ਸ਼ੇਰਪੁਰ, ਗੁਰਿੰਦਰ ਸਿੰਘ ਢਿੱਲੋਂ ਸਲੇਮ-ਪੁਰਾ, ਬਲਵਿੰਦਰ ਸਿੰਘ ਬਰਸਾਲ, ਸੁਖਵਿੰਦਰ ਸਿੰਘ ਕੋਠੇ ਸ਼ੇਰਜੰਗ, ਪਰਮਿੰਦਰ ਸਿੰਘ ਪੰਚ , ਸੁਖਵਿੰਦਰ ਸਿੰਘ ਸਵੱਦੀ ਨੇ ਕਿਹਾ ਦੇਸ ਅਜਾਦ ਹੋਏ ਨੂੰ ਅੱਜ ਅੱਸੀ ਸਾਲ ਹੋਣ ਵਾਲੇ ਹਨ ਪਰ ਸਾਡੇ ਦੇਸ ਦੀਆਂ ਸਰਕਾਰਾਂ ਨੇ ਕਿਸਾਨ ਅਤੇ ਮਜ਼ਦੂਰ ਵਾਰੇ ਰੱਤੀ ਭਰ ਵੀ ਨਹੀਂ ਸੋਚਿਆ ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਅਕਾਲੀ ਦਲ , ਭਾਜਪਾ, ਕਾਂਗਰਸ ,ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੂੰ ਅਜ਼ਮਾ ਕੇ ਵੇਖ ਲਿਆ ਹੈ ਇਹਨਾਂ ਸਾਰੀਆਂ ਪਾਰਟੀਆਂ ਨੇ ਸਵਾਏ ਲਾਰਿਆਂ ਦੇ ਸਾਡੇ ਪੱਲੇ ਕੁਝ ਵੀ ਨਹੀਂ ਪਾਇਆ ਹੁਣ ਜਦੋਂ ਅਸੀ ਬਹੁਜਨ ਸਮਾਜ ਪਾਰਟੀ ਦੀ ਵਿਚਾਰਧਾਰਾ ਵਾਰੇ ਜਾਣਿਆ, ਵਿਚਾਰਿਆ ਅਤੇ ਦੇਸ ਦੇ ਸਭ ਤੋਂ ਵੱਡੇ ਸੂਬੇ ਉਤਰਪਰਦੇਸ਼ ਚ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਵਾਲੀ ਬਸਪਾ ਸਰਕਾਰ ਵੱਲੋਂ ਲੋਕ ਹਿਤਾਂ ਲਈ ਕੀਤੇ ਗਏ ਬੇਅਥਾਹ ਕੰਮਾਂ ਵਾਰੇ ਸਾਨੂੰ ਜਾਣਕਾਰੀ ਮਿਲੀ ਤਾਂ ਸਾਨੂੰ ਸਪੱਸ਼ਟ ਹੋਇਆ ਕਿ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾਏ ਤੋ ਬਿਨਾਂ ਪੰਜਾਬ ਦੇ ਲੋਕਾਂ ਦਾ ਭਲਾ ਹੋਣ ਵਾਲਾ ਨਹੀਂ ਉਹਨਾਂ ਕਿਹਾ ਕਿ ਅਸੀਂ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਵੱਲੋਂ ਜੀ-ਜਾਂਨ ਨਾਲ ਦਿਨ ਰਾਤ ਕੀਤੀਆਂ ਜਾ ਰਹੀਆਂ ਸਰਗਰਮੀਆਂ ਤੋ ਪ੍ਰਭਾਵਿਤ ਹਾ ਹੁਣ ਅਸੀਂ ਵੀ ਬਹੁਜਨ ਸਮਾਜ ਪਾਰਟੀ ਚ ਸ਼ਾਮਲ ਹੋ ਕੇ ਬਸਪਾ ਦੀ ਵਿਚਾਰਧਾਰਾ ਨੂੰ ਘਰ- ਘਰ ਪਹੁੰਚਾਵਾਂਗੇ ਤੇ 2027 ਚ ਬਸਪਾ ਦੀ ਸਰਕਾਰ ਬਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ।

ਇਸ ਵਕਤ ਸੁਖਜੀਤ ਸਿੰਘ ਸਲੇਮਪੁਰੀ ਅਤੇ ਡਾ ਜਗਜੀਤ ਸਿੰਘ ਰਾਊਵਾਲ ਨੇ ਬਸਪਾ ਵਿਚ ਸ਼ਾਮਿਲ ਹੋਣ ਵਾਲੇ ਕਿਸਾਨਾਂ ਪਰਿਵਾਰਾਂ ਨੂੰ ਯਕੀਨ ਦੁਆਉਂਦਿਆ ਕਿਹਾ ਕਿ ਅੱਜ ਪੰਜਾਬ ਦਾ ਹਰੇਕ ਵਰਗ ਬਹੁਜਨ ਸਮਾਜ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜ ਕੇ , 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਚ ਬਸਪਾ ਦੀ ਸਰਕਾਰ ਬਣਾਕੇ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਂਵਾਂ, ਮੁਸ਼ਕਿਲਾ ਦਾ ਹੱਲ ਚਾਹੁੰਦਾ ਹੈ ਤੇ ਬਹੁਜਨ ਸਮਾਜ ਪਾਰਟੀ ਵੀ ਪੰਜਾਬ ਵਾਸੀਆਂ ਦੀਆਂ ਆਸਾਂ, ਉਮੀਦਾਂ ਉੱਤੇ ਪੂਰਿਆ ਉਤਰੇਗੀ ਉਹਨਾਂ ਨੂੰ ਨਿਰਾਸ਼ ਨਹੀਂ ਕਰੇਗੀ। ਇਸ ਵਕਤ ਹੋਰਨਾਂ ਤੋਂ ਇਲਾਵਾ ਬਸਪਾ ਆਗੂ ਜਸਵਿੰਦਰ ਸਿੰਘ ਬਰਸਾਲ , ਬਾਬਾ ਗੁਰਬਖਸ਼ ਸਿੰਘ ਸਲੇਮਪੁਰ ਨੇ ਵੀ ਸੰਬੋਧਨ ਕੀਤਾ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗਗਰੇਟ ਦੇ ਤਹਿਸੀਲਦਾਰ ਨੂੰ ਸੌਂਪਿਆ ਮੰਗ ਪੱਤਰ

**ਦਸਤਾਰ ਦਾ ਅਪਮਾਨ ਅਤੇ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਹੋਈ ਤਾਂ ਹੋਵੇਗਾ ਵੱਡਾ ਪ੍ਰਦਰਸ਼ਨ : ਸਿੰਗੜੀਵਾਲਾ**



**ਹੁਸ਼ਿਆਰਪੁਰ, 10 ਜੂਨ (ਤਰਸੇਮ ਦੀਵਾਨਾ ) –** "ਹਿਮਾਚਲ ਵਿਚ ਯਾਤਰਾ ਕਰਨ ਗਏ ਸਿੱਖ ਨੌਜ਼ਵਾਨਾਂ ਨਾਲ ਕੁਝ ਸਿਰਫਿਰੇ ਭੂਤਰੇ ਹੋਏ ਹਿਮਾਚਲੀ ਨੌਜ਼ਵਾਨਾਂ ਨੇ ਗੱਡੀ ਵਿਚ ਸਫਰ ਕਰ ਰਹੇ 4 ਸਿੱਖ ਨੌਜਵਾਨਾਂ ਨੂੰ ਘੇਰਕੇ ਬਹੁਤ ਹੀ ਬੇਰਹਿਮੀ ਅਤੇ ਗੈਰ ਇਨਸਾਨੀਅਤ ਢੰਗ ਨਾਲ ਕੁੱਟਮਾਰ ਹੀ ਨਹੀ ਕੀਤੀ ਬਲਕਿ ਇਨ੍ਹਾਂ ਨੌਜਵਾਨਾਂ ਦੀਆਂ ਦਸਤਾਰਾਂ ਦਾ ਅਪਮਾਨ ਵੀ ਕੀਤਾ ਗਿਆ । ਇਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ 20-25 ਹਿਮਾਚਲੀ ਨੌਜਵਾਨਾਂ ਨੇ ਮਿੱਥਕੇ ਮੰਦਭਾਵਨਾ ਅਧੀਨ ਇਨ੍ਹਾਂ ਸਿੱਖ ਪੰਜਾਬੀ ਨੌਜਵਾਨਾਂ ਤੇ ਹਮਲਾ ਕਰਕੇ ਕੁੱਟਮਾਰ ਕੀਤੀ ਪਰ ਦੁੱਖ ਅਤੇ ਅਫਸੋਸ ਹੈ ਕਿ ਸੰਬੰਧਤ ਕੁੱਲੂ-ਮਨਾਲੀ ਦੇ ਇਲਾਕੇ ਨਾਲ ਸੰਬੰਧਤ ਪੁਲਿਸ ਅਫਸਰਾਨ ਅਤੇ ਸਰਕਾਰ ਵੱਲੋ ਜਿਨ੍ਹਾਂ ਸਿੱਖ ਨੌਜਵਾਨਾਂ ਉਤੇ ਜ਼ਬਰ ਹੋਇਆ ਹੈ, ਉਨ੍ਹਾਂ ਜਬਰ ਕਰਨ ਵਾਲੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਜਾਂ ਉਨ੍ਹਾਂ ਵਿਰੁੱਧ ਕੇਸ ਦਰਜ ਕਰਨ ਦੀ ਬਜਾਇ ਪੀੜ੍ਹਤਾਂ ਉਤੇ ਹੀ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਦੀ ਕਾਰਵਾਈ ਪ੍ਰਤੱਖ ਕਰਦੀ ਹੈ ਕਿ ਅਜਿਹੇ ਅਮਲ ਸਰਕਾਰਾਂ ਅਤੇ ਪੁਲਿਸ ਵੱਲੋ ਮੁਤੱਸਵੀ ਸੋਚ ਅਧੀਨ ਬੇਇਨਸਾਫ਼ੀ ਕੀਤੀ ਜਾ ਰਹੀ ਹੈ ਜਿਸ ਵਿਰੁੱਧ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੁੱਖੂ ਸਰਕਾਰ ਅਤੇ ਡੀਜੀਪੀ ਹਿਮਾਚਲ ਨੂੰ ਗੰਭੀਰਤਾ ਪੂਰਵਕ ਖਬਰਦਾਰ ਕਰਦਾ ਹੈ ਕਿ ਸਿੱਖ ਨੌਜਵਾਨਾਂ ਤੇ ਜ਼ਬਰ-ਜੁਲਮ ਢਾਹੁਣ ਵਾਲੇ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲਾ, ਨਿਹੰਗ ਸੁਰਜਨ ਸਿੰਘ ਦੀ ਅਗਵਾਈ ਹੇਠ ਇੱਕ ਜਥਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਤੋਂ ਰਵਾਨਾ ਹੋ ਕੇ ਪੰਜਾਬ ਹਿਮਾ-ਚਲ ਬਾਰਡਰ ਤੇ ਜਾ ਕੇ ਇੱਕ ਮੰਗ ਪੱਤਰ ਗਗਰੇਟ ਦੇ ਤਹਿਸੀਲਦਾਰ ਕੁਲਤਾਜ ਸਿੰਘ ਨੂੰ ਸੌਂਪਿਆ ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੁਰਨਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਕਿ ਕੁੱਟਮਾਰ ਦੇ ਸ਼ਿਕਾਰ ਹੋਏ ਨੌਜਵਾਨਾਂ ਵਿਰੁੱਧ ਹੀ ਹਿਮਾਚਲ ਦੀ ਸੁੱਖੂ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਬੇਇਨਸਾਫੀ ਕਰਦਿਆਂ ਪਰਚਾ ਦਰਜ ਕਰਕੇ ਜੇਲ ਵਿੱਚ ਡੱਕ ਦਿੱਤਾ ਜੋ ਕਿ ਬਹੁਤ ਮੰਦਭਾਗੀ ਗੱਲ ਹੈ ਉਹਨਾਂ ਕਿਹਾ ਕਿ ਜੇਕਰ ਕੁੱਟਮਾਰ ਅਤੇ ਦਸਤਾਰ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਪਰਚਾ ਦਰਜ ਨਾ ਕੀਤਾ ਤਾ ਜਲਦ ਹੀ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ ਇਸ ਸਮੇਂ ਸੰਦੀਪ ਸਿੰਘ ਖਾਲਸਾ ਟਾਂਡਾ ਨੇ ਹਿਮਾਚਲ ਦੀ ਸੁੱਖੂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਦਸਤਾਰ ਸਿੱਖੀ ਦੀ ਸ਼ਾਨ ਹੈ ਉਸ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਹੋਈ ਤਾਂ ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ ਅਤੇ ਹਿਮਾਚਲ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਕਾਨੂੰਨੀ ਕਾਰਵਾਈ ਲਈ ਪਾਬੰਦ ਕੀਤਾ ਜਾਵੇਗਾ ਇਸ ਸਮੇਂ ਉਹਨਾਂ ਨੇ ਉਮੀਦ ਪ੍ਰਗਟ ਕੀਤੀ ਕਿ ਉਪਰੋਕਤ ਕੁੱਟਮਾਰ ਦੇ ਗੰਭੀਰ ਵਿਸੇ ਉਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਹਿਮਾਚਲ ਸਰਕਾਰ ਅਤੇ ਡੀਜੀਪੀ ਹਿਮਾਚਲ ਨਾਲ ਸੰਪਰਕ ਕਰਕੇ ਪੰਜਾਬੀ ਸਿੱਖ ਨੌਜਵਾਨਾਂ ਉਤੇ ਹੋਏ ਤਸੱਦਦ ਦਾ ਇਨਸਾਫ਼ ਦਿਵਾਉਣ ਲਈ ਆਪਣੀ ਜਿੰਮੇਵਾਰੀ ਨੂੰ ਪੂਰਨ ਕਰੇਗੀ । ਪੰਜਾਬੀਆਂ ਦੇ ਹੱਕ ਹਕੂਕਾ ਦੀ ਰੱਖਿਆ ਕਰੇਗੀ ! ਇਸ ਸਮੇਂ ਪਰਮਜੀਤ ਸਿੰਘ ਮਿੰਟੂ, ਅਮਨਦੀਪ ਸਿੰਘ ਸਨੀ, ਹਰਮਨਜੋਤ ਸਿੰਘ, ਬੂਟਾ ਸਿੰਘ ਸਿੰਗੜੀਵਾਲਾ, ਅਮਰਜੀਤ ਸਿੰਘ ਗੋਕਲ ਨਗਰ, ਗੁਰਜੀਤ ਸਿੰਘ ਪ੍ਰਿੰਸ, ਗੌਰਵ ਮੱਲ, ਵੀਰ ਸਿੰਘ ਬੋਲੇਵਾਲ, ਪਾਰਸ, ਜਸਰਾਜ ਸਿੰਘ ਆਦਿ ਹਾਜ਼ਰ ਸਨ !

**ਫੋਟੋ ਅਜਮੇਰ ਦੀਵਾਨਾ**

# ਆਪਣਾਂ ਘਰ ਛੱਡ ਕੇ ਵਿਦੇਸ਼ ਜਾਂ ਰਹੇ ਉੱਘੇ ਸਮਾਜਸੇਵੀ ਦਿਲਬਾਗ ਸਿੰਘ ਬਾਗੀ ਅਤੇ ਉਨ੍ਹਾਂ ਦਾ ਪਰਿਵਾਰ



**ਬੰਗਾ (ਚਰਨਜੀਤ ਸੱਲ੍ਹਾ )**ਉੱਘੇ ਸਮਾਜ ਸੇਵਕ ਅਤੇ ਸੇਵਾਮੁਕਤ ਡੀ ਓ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਸ. ਦਿਲਬਾਗ ਸਿੰਘ ਬਾਗੀ ਅਤੇ ਉਹਨਾਂ ਦੀ ਧਰਮ ਪਤਨੀ ਮੈਡਮ ਮਨਜੀਤ ਕੌਰ ਸੇਵਾਮੁਕਤ ਸਾਇੰਸ ਮਿਸਟ੍ਰੈਸ ਆਪਣੇ ਵਿਦੇਸ਼ ਰਹਿੰਦੇ ਬੇਟਾ ਅਤੇ ਬੇਟੀ ਨੂੰ ਮਿਲਣ ਲਈ ਵਿਦੇਸ਼ ਰਵਾਨਾ ਹੋਏ......ਭਰੇ ਮਨ ਨਾਲ ਉਹਨਾਂ ਨੇ ਆਪਣਾ ਘਰ ਛੱਡਿਆ....ਇਸੇ ਤਰਾਂ ਜਦੋਂ ਵਿਦੇਸ਼ ਤੋਂ ਵਤਨ ਵਾਪਸ ਆਉਣਗੇ ਫਿਰ ਵੀ ਭਰੇ ਮਨ ਨਾਲ ਵਿਦੇਸ਼ ਛੱਡਣਗੇ......ਇਸੇ ਲਈ ਤਾਂ ਕਿਸੇ ਕਵੀ ਨੇ ਲਿਖਿਆ ਹੈ.....

ਘਰ ਛੱਡਣੇ ਸੌਖੇ ਨਹੀਂ ਇਹਨਾਂ ਨੂੰ ਛੱਡਣ ਵੇਲੇ ਰੋਏ।

ਸਾਡੇ ਦਿਲ ਤੋਂ ਪੁੱਛ ਸੱਜਣਾ ਅਸੀਂ ਕਿਉਂ ਪ੍ਰਦੇਸੀ ਹੋਏ।




# ਹੁਣ ਸਿਹਤ ਰਿਕਾਰਡ ਰਹਿਣਗੇ ਇੱਕ ਕਲਿੱਕ ਦੀ ਦੂਰੀ 'ਤੇ, ਬਣਵਾਓ ਆਭਾ ਆਈ.ਡੀ. : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

## ਹਸਪਤਾਲਾਂ ਵਿੱਚ ਲੰਬੀਆਂ ਕਤਾਰਾਂ ਵਿੱਚ ਲੱਗਣ ਦੀ ਨਹੀਂ ਪਵੇਗੀ ਲੋੜ

**ਨਵਾਂਸ਼ਹਿਰ, 10 ਜੂਨ (ਮਨੋਰੰਜਨ ਕਾਲੀਆ) –** : ਆਯੁਸ਼ਮਾਨ ਭਾਰਤ ਡਿਜੀਟਲ ਮਿਸ਼ਨ ਤਹਿਤ ਹਰ ਨਾਗਰਿਕ ਨੂੰ ਡਿਜੀਟਲ ਸਿਹਤ ਪ੍ਰਣਾਲੀ ਨਾਲ ਜੋੜਨ ਲਈ ਆਭਾ ਆਈ.ਡੀ. ਬਣਾਉਣ ਦੀ ਮੁਹਿੰਮ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਆਭਾ ਆਈ.ਡੀ. ਆਉਣ ਵਾਲੇ ਸਮੇਂ ਦੇ ਸਿਹਤ ਸੰਭਾਲ ਸਿਸਟਮ ਦਾ ਮੂਲ ਆਧਾਰ ਬਣੇਗੀ। ਉਨ੍ਹਾਂ ਦੱਸਿਆ ਕਿ ਆਭਾ ਆਈ.ਡੀ. ਇੱਕ 14 ਅੰਕਾਂ ਦਾ ਵਿਲੱਖਣ ਡਿਜੀਟਲ ਹੈਲਥ ਅਕਾਊਂਟ ਨੰਬਰ ਹੈ, ਜੋ ਨਾਗਰਿਕਾਂ ਦੇ ਸਿਹਤ ਰਿਕਾਰਡ ਨੂੰ ਸੁਰੱਖਿਅਤ, ਸੁਵਿਧਾਜਨਕ ਅਤੇ ਇਕੱਜੁੱਟ ਢੰਗ ਨਾਲ ਸੰਭਾਲਦਾ ਹੈ। ਇਸ ਨਾਲ ਮਰੀਜ਼ਾਂ ਨੂੰ ਆਪਣੀਆਂ ਮੈਡੀਕਲ ਰਿਪੋਰਟਾਂ ਅਤੇ ਇਲਾਜ ਸਬੰਧੀ ਵੇਰਵੇ ਵਾਰ-ਵਾਰ ਨਾਲ ਲਿਜਾਣ ਦੀ ਲੋੜ ਨਹੀਂ ਰਹਿੰਦੀ



ਅਤੇ ਸਿਹਤ ਸੇਵਾਵਾਂ ਹੋਰ ਤੇਜ਼, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਬਣਦੀਆਂ ਹਨ। ਸਿਵਲ ਸਰਜਨ ਨੇ ਕਿਹਾ ਕਿ ਜਿਵੇਂ ਆਧਾਰ ਕਾਰਡ ਹਰ ਨਾਗਰਿਕ ਦੀ ਪਛਾਣ ਦਾ ਅਹਿਮ ਦਸਤਾਵੇਜ਼ ਹੈ, ਉਸੇ ਤਰ੍ਹਾਂ ਆਭਾ ਆਈ.ਡੀ. ਡਿਜੀਟਲ ਸਿਹਤ ਖੇਤਰ ਵਿੱਚ ਇੱਕ ਅਹਿਮ ਪਛਾਣ ਬਣਨ ਜਾ ਰਹੀ ਹੈ। ਇਹ ਨਾਗਰਿਕਾਂ ਨੂੰ ਆਪਣਾ ਸਿਹਤ ਰਿਕਾਰਡ ਕਿਸੇ ਵੀ ਸਮੇਂ ਅਤੇ ਕਿਸੇ ਵੀ ਥਾਂ ਤੋਂ ਪ੍ਰਾਪਤ ਕਰਨ ਦੀ ਸੁਵਿਧਾ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਆਭਾ ਆਈ.ਡੀ. ਬਣਾਉਣਾ ਪੂਰੀ ਤਰ੍ਹਾਂ ਮੁਫ਼ਤ ਹੈ ਅਤੇ ਇਸ ਲਈ ਸਿਰਫ਼ ਆਧਾਰ ਕਾਰਡ ਜਾਂ ਡਰਾਈਵਿੰਗ ਲਾਇਸੈਂਸ ਅਤੇ ਮੋਬਾਈਲ ਨੰਬਰ ਦੀ ਲੋੜ ਹੁੰਦੀ ਹੈ। ਨਾਗਰਿਕ ਘਰ ਬੈਠੇ ਆਨਲਾਈਨ ਜਾਂ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਵਿਖੇ ਜਾ ਕੇ ਆਪਣੀ ਆਭਾ ਆਈ.ਡੀ. ਤਿਆਰ ਕਰਵਾ ਸਕਦੇ ਹਨ। ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਆਪਣੀ ਆਭਾ ਆਈ.ਡੀ. ਬਣਾਉਣ ਅਤੇ ਡਿਜੀਟਲ ਸਿਹਤ ਕ੍ਰਾਂਤੀ ਦਾ ਹਿੱਸਾ ਬਣਨ। ਉਨ੍ਹਾਂ ਕਿਹਾ ਕਿ ਆਭਾ ਆਈ.ਡੀ. ਨਾ ਸਿਰਫ਼ ਸਿਹਤ ਰਿਕਾਰਡਾਂ ਦੀ ਸੁਰੱਖਿਆ ਯਕੀਨੀ ਬਣਾਉਂਦੀ ਹੈ, ਸਗੋਂ "ਇੱਕ ਰਾਸ਼ਟਰ-ਇੱਕ ਡਿਜੀਟਲ ਹੈਲਥ ਰਿਕਾਰਡ" ਦੇ ਸੁਪਨੇ ਨੂੰ ਵੀ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਅਨਮਜੋਤ ਕੌਰ ਐਸ.ਡੀ.ਐਮ ਨਵਾਂਸ਼ਹਿਰ ਨੇ ਪਿੰਡ ਦੁਪਾਲਪੁਰ ਨਿਵਾਸੀ ਕੈਪਟਨ ਸਤਨਾਮ ਸਿੰਘ ਨੂੰ ਦਿੱਤਾ ਆਈ-ਕਾਰਡ

**ਨਵਾਂਸ਼ਹਿਰ 10 ਜੂਨ(ਮਨੋਰੰਜਨ ਕਾਲੀਆ)** – ਅਨਮਜੋਤ ਕੌਰ ਐਸ.ਡੀ. ਐਮ ਨਵਾਂਸ਼ਹਿਰ ਨੇ ਪਿੰਡ ਦੁਪਾਲਪੁਰ ਨਿਵਾਸੀ ਕੈਪਟਨ ਸਤਨਾਮ ਸਿੰਘ ਪੁੱਤਰ ਸੰਤੋਖ ਸਿੰਘ ਨੂੰ ਆਈ-ਕਾਰਡ ਦਿੱਤਾ। ਇਸ ਮੌਕੇ ਅਨਮਜੋਤ ਕੌਰ ਐਸ.ਡੀ. ਐਮ ਨਵਾਂਸ਼ਹਿਰ ਨੇ ਕਿਹਾ ਕਿ ਮ੍ਰਿਤਕ ਦੇਹ ਨੂੰ ਅਗਨੀ ਭੇਟ ਕਰਨ ਦੀ ਬਜਾਏ ਜੇਕਰ ਮੈਡੀਕਲ ਕਾਲਜ ਨੂੰ ਦਾਨ ਕਰ ਦਿੱਤਾ ਜਾਵੇ ਤਾਂ ਇਹ ਡਾਕਟਰੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਅਨਮਜੋਤ ਕੌਰ ਨੇ ਇਸ ਸੇਵਾ ਕਾਰਜ ਵਿੱਚ ਸਹਿਯੋਗ ਦੇਣ ਵਾਲੇ ਸਰੀਰ ਦਾਨੀ ਸੱਜਣਾਂ ਅਤੇ ਦੋਆਬਾ ਸੇਵਾ ਸੰਮਤੀ ਦੇ ਮੈਂਬਰਾਂ ਦਾ ਦੇਸ਼ ਦੀ ਸੇਵਾ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ! ਇਸ ਮੌਕੇ ਦੋਆਬਾ ਸੇਵਾ ਸੰਮਤੀ ਤੋਂ ਰਤਨ ਕੁਮਾਰ ਜੈਨ , ਮਾਸਟਰ ਹੁਸਨ ਲਾਲ,ਅਤੇ ਹੋਰ ਮੈਂਬਰਾਂ ਨੇ ਸੰਮਤੀ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਬਾਰੇ ਜਾਣਕਾਰੀ



**ਤਸਵੀਰ –ਅਨਮਜੋਤ ਕੌਰ ਐਸ.ਡੀ. ਐਮ ਪਿੰਡ ਦੁਪਾਲਪੁਰ ਨਿਵਾਸੀ ਕੈਪਟਨ ਸਤਨਾਮ ਸਿੰਘ ਨੂੰ ਆਈ ਕਾਰਡ ਦਿੰਦੇ ਹੋਏ ਨਾਲ ਦੋਆਬਾ ਸੇਵਾ ਸਮੰਤੀ ਦੇ ਅਹੁੱਦੇਦਾਰ ਅਤੇ ਮੈਂਬਰ। ਤਸਵੀਰ**

ਦਿੱਤੀ। ਇਸ ਮੌਕੇ ਦੋਆਬਾ ਸੇਵਾ ਸੰਮਤੀ ਨੇ ਦੱਸਿਆ ਕਿ ਮਰਨ ਉਪਰੰਤ ਸਰੀਰ ਦਾਨ ਕਰਨ ਦੇ ਚਾਹਵਾਨਾਂ ਦੇ ਫਾਰਮ ਭਰ ਕੇ ਮੈਡੀਕਲ ਕਾਲਜ ਵਿਖੇ ਭੇਜੇ ਜਾਂਦੇ ਹਨ, ਜਿੱਥੋਂ ਉਨ੍ਹਾਂ ਦੇ ਆਈ-ਕਾਰਡ ਬਣਾਏ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਅੱਜ 148 ਵੇਂ ਸਰੀਰ ਦਾਨੀ ਨੂੰ ਆਈ-ਕਾਰਡ ਦਿੱਤੇ ਗਏ। ਇਸ ਮੌਕੇ ਦਾਨੀ ਕੈਪਟਨ ਸਤਨਾਮ ਸਿੰਘ ਨੇ ਕਿਹਾ ਕਿ ਜੇਕਰ ਮਰਨ ਤੋਂ ਬਾਅਦ ਕੋਈ ਵਿਦਿਆਰਥੀ ਉਨ੍ਹਾਂ ਦੇ ਸਰੀਰ ਤੋਂ ਸਿੱਖਿਆ ਲੈ ਕੇ ਡਾਕਟਰ ਬਣ ਕੇ ਹੋਰ ਜ਼ਿੰਦਗੀਆਂ ਬਚਾ ਲਵੇ ਤਾਂ ਉਨ੍ਹਾਂ ਦਾ ਜਨਮ ਅਤੇ ਮਰਨ ਦੋਵੇਂ ਸਫ਼ਲ ਹੁੰਦੇ ਹਨ। ਕੈਪਟਨ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਪਤਨੀ ਚਰਨ ਕੌਰ,ਬੇਟੀਆਂ ਜਸਵੀਰ ਕੌਰ, ਲਖਵੀਰ ਕੌਰ, ਰਾਜਵਿੰਦਰ ਕੌਰ, ਮਨਜੀਤ ਕੌਰ ਦੀ ਸਹਿਮਤੀ ਨਾਲ ਸਰੀਰ ਦਾਨ ਕਰਨ ਦਾ ਫਾਰਮ ਭਰਿਆ ਹੈ। ਇਸ ਮੌਕੇ ਦੋਆਬਾ ਸੇਵਾ ਸੰਮਤੀ ਦੇ ਸਕੱਤਰ ਰਤਨ ਕੁਮਾਰ ਜੈਨ, ਅਸ਼ੋਕ ਸ਼ਰਮਾ ਸੇਵਾ ਮੁਕਤ ਬੈਂਕ ਮੈਨੇਜਰ ਹਾਜ਼ਰ ਸਨ।

# ਢੰਗਰਾਲੀ ਸਕੂਲ ਦਾ 10 ਰੋਜ਼ਾ ਸਮਰ ਕੈਂਪ ਸਮਾਪਤ

## ਵਿਦਿਆਰਥੀਆਂ ਨੂੰ ਖੇਡਾਂ ਤੇ ਯੋਗ ਰਾਹੀਂ ਨਸ਼ਿਆਂ ਤੋਂ ਦੂਰ ਰਹਿਣ ਦਾ ਦਿੱਤਾ ਸੁਨੇਹਾ

**ਮੋਰਿੰਡਾ, 10 ਜੂਨ (ਸੁਖਵਿੰਦਰ ਸਿੰਘ ਹੈਪੀ)–** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਢੰਗਰਾਲੀ ਵਿਖੇ ਪਿਛਲੇ ਦਸ ਦਿਨਾਂ ਤੋਂ ਚੱਲ ਰਿਹਾ ਗਰਮੀਆਂ ਦਾ ਖੇਡ ਕੈਂਪ ਅੱਜ ਸਫਲਤਾਪੂਰਵਕ ਸਮਾਪਤ ਹੋ ਗਿਆ। 1 ਜੂਨ ਤੋਂ 10 ਜੂਨ ਤੱਕ ਲੱਗੇ ਇਸ ਵਿਸ਼ੇਸ਼ ਸਮਰ ਕੈਂਪ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣਾ ਸੀ। ਇਹ ਕੈਂਪ ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਹੀਰਾ ਦੀ ਯੋਗ ਅਗਵਾਈ ਹੇਠ ਸਕੂਲ ਦੇ ਡੀ.ਪੀ.ਈ. ਅਮਨਦੀਪ ਸਿੰਘ ਵੱਲੋਂ ਲਗਾਇਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੰਦਰੁਸਤੀ ਲਈ ਵਿਸ਼ੇਸ਼ ਸਿਖਲਾਈ ਦਿੱਤੀ ਗਈ। ਰੋਜ਼ਾਨਾ ਸਵੇਰੇ 6 ਵਜੇ ਤੋਂ 8 ਵਜੇ ਤੱਕ ਚੱਲਣ ਵਾਲੇ ਇਸ ਕੈਂਪ ਵਿੱਚ ਬੱਚਿਆਂ ਨੂੰ ਸਰੀਰ ਮਜ਼ਬੂਤ ਕਰਨ ਵਾਲੀਆਂ ਕਸਰਤਾਂ, ਲਚਕ ਵਧਾਉਣ ਵਾਲੇ ਅਭਿਆਸ, ਸਹਿਣਸ਼ਕਤੀ ਤੇ ਦਮ ਵਧਾਉਣ ਦੀਆਂ ਕਸਰਤਾਂ ਕਰਵਾਈਆਂ ਗਈਆਂ। ਇਸ ਦੇ ਨਾਲ ਹੀ ਯੋਗ ਆਸਣ, ਪੰਜਾਬ ਦੀ ਵਿਰਾਸਤੀ ਖੇਡ ਗੱਤਕਾ, ਫੁੱਟਬਾਲ ਅਤੇ ਕਬੱਡੀ ਦੀ ਵੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ। ਕੋਚ ਅਮਨਦੀਪ ਸਿੰਘ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ





ਬਾਰੇ ਜਾਣੂ ਕਰਵਾਉਂਦਿਆਂ ਉਨ੍ਹਾਂ ਨੂੰ ਅਨੁਸ਼ਾਸਨ, ਟੀਮ ਭਾਵਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਹਰ ਰੋਜ਼ ਕੈਂਪ ਦੀ ਸਮਾਪਤੀ ਤੋਂ ਬਾਅਦ ਸਾਰੇ ਭਾਗ ਲੈਣ ਵਾਲੇ ਬੱਚਿਆਂ ਲਈ ਰਿਫਰੈਸ਼ਮੈਂਟ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਉਪਰਾਲੇ ਦੀ ਪਿੰਡ ਪੱਧਰ 'ਤੇ ਵੀ ਭਰਪੂਰ ਸ਼ਲਾਘਾ ਹੋਈ। ਪਿੰਡ ਢੰਗਰਾਲੀ ਦੇ ਸਰਪੰਚ ਰਣਦੀਪ ਸਿੰਘ ਅਤੇ ਹੋਰ ਪਤਵੰਤਿਆਂ ਨੇ ਕਿਹਾ ਕਿ ਸਕੂਲ ਵੱਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨ ਨਸ਼ਿਆਂ ਅਤੇ ਮੋਬਾਈਲ ਦੇ ਆਦੀ ਹੋ ਰਹੇ ਹਨ, ਅਜਿਹੇ ਕੈਂਪ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਦਾ ਕੰਮ ਕਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਇਸ ਤਰ੍ਹਾਂ ਦੇ ਕੈਂਪ ਹਰ ਪਿੰਡ ਵਿੱਚ ਲਗਾਉਣੇ ਚਾਹੀਦੇ ਹਨ ਤਾਂ ਜੋ ਵੱਧ ਤੋਂ ਵੱਧ ਬੱਚੇ ਖੇਡਾਂ ਨਾਲ ਜੁੜ ਸਕਣ। ਪਿੰਡ ਵਾਸੀਆਂ ਨੇ ਡੀ.ਪੀ.ਈ. ਅਮਨਦੀਪ ਸਿੰਘ ਦੀ ਮਿਹਨਤ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਬੱਚਿਆਂ ਦੇ ਭਵਿੱਖ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਸਦਾ ਤਿਆਰ ਰਹਿੰਦੇ ਹਨ। ਦਸ ਦਿਨਾਂ ਤੱਕ ਚੱਲੇ ਇਸ ਕੈਂਪ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਅੱਜ ਇਸ ਦੀ ਸਮਾਪਤੀ ਮੌਕੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

# ਮਹਾਨ ਚਿੰਤਕ ਤੇ ਪਰਉਪਕਾਰੀ ਸੰਤ ਸਰਵਣ ਦਾਸ ਜੀ

## ਅੱਜ 11 ਜੂਨ ਬਰਸੀ 'ਤੇ ਵਿਸ਼ੇਸ਼

ਅੱਜ ਡੇਰਾ ਸੱਚਖੰਡ ਬੱਲਾਂ ,ਜਲੰਧਰ ਵਿਖੇ 108 ਸੰਤ ਸਰਵਣ ਦਾਸ ਜੀ ਮਹਾਰਾਜ ਦਾ ਬਰਸੀ ਸਮਾਗਮ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ।ਇੱਥੇ ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇਸ਼ਾਂ- ਵਿਦੇਸ਼ਾਂ ਤੋਂ ਆ ਕੇ ਨਤਮ-ਸਤਕ ਹੋ ਰਹੀਆਂ ਹਨ। ਡੇਰੇ ਵੱਲੋਂ ਅਤੇ ਸੰਗਤਾਂ ਦੇ ਸਹਿਯੋਗ ਦੇ ਨਾਲ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਨਿੱਘੀ ਯਾਦ ਵਿੱਚ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਥਾਂ- ਥਾਂ 'ਤੇ ਲਗਾਈਆਂ ਜਾ ਰਹੀਆਂ ਹਨ । "ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ, ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ।" ਸਤਿਗੁਰ ਸੁਆਮੀ ਸੰਤ ਸਰਵਣ ਦਾਸ ਜੀ ਇਕ ਮਹਾਨ ਸ਼ਖਸ਼ੀਅਤ, ਮਹਾਨ ਚਿੰਤਕ ਤੇ ਪਰਉਪਕਾਰੀ ਸਨ ।ਸਤਿਗੁਰੂ ਜੀ ਸਮਾਜਿਕ ਚੇਤਨਾ ਦੇ ਹਾਮੀ, ਦਇਆ ਦੇ ਸਾਗਰ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੱਚੇ- ਸੁੱਚੇ ਪੈਰੋਕਾਰ, ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਵਾਲੇ, ਰੱਬੀ ਨੂਰੀ ਜੋਤ ,ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ 'ਤੇ ਚੱਲਣ ਵਾਲੇ ,ਬਹੁਜਨ ਹਿਤਾਏ ਤੇ ਬਹੁਜਨ ਸੁਖਾਏ ਦੀ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ,ਰੂਹਾਨੀਅਤ , ਸਿਮਰਨ, ਤਿਆਗ , ਸੇਵਾ ਦੇ ਮੁਜੱਸਮੇ , ਮਹਾਨ ਤੱਪਸਵੀ,ਰਵਿਦਾਸੀਆ ਸਮਾਜ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਦੇਖਣ ਦੇ ਚਾਹਵਾਨ ਅਤੇ ਬੇਗਮਪੁਰਾ ਸੰਕਲਪ ਦੇ ਸੱਚੇ- ਸੁੱਚੇ ਹਮਦਰਦ ਸਨ।

ਆਪ ਜੀ ਦਾ ਆਗਮਨ 15 ਫਰਵਰੀ 1895 ਈਸਵੀ ਨੂੰ ਸਤਿਕਾਰਯੋਗ ਪਿਤਾ ਬਾਬਾ ਪਿੱਪਲ ਦਾਸ ਜੀ ਦੇ ਗ੍ਰਹਿ ਪਿੰਡ ਗਿੱਲ ਪੱਤੀ, ਜ਼ਿਲ੍ਹਾ ਬਠਿੰਡਾ ਪੰਜਾਬ, 'ਚ ਸਤਿਕਾਰਯੋਗ ਮਾਤਾ ਸ਼ੋਭਾਵੰਤੀ ਜੀ ਦੀ ਕੁੱਖੋਂ ਹੋਇਆ। ਬਚਪਨ ਵਿੱਚ ਆਪ ਜੀ 'ਤੇ ਪਿਤਾ ਜੀ ਦਾ ਬਹੁਤ ਪ੍ਰਭਾਵ ਪਿਆ ਕਿਉਂਕਿ ਉਹ ਹਮੇਸ਼ਾ ਘਰ ਵਿੱਚ ਪ੍ਰਭੂ ਬੰਦਗੀ ਸਾਧਨਾ ਕਰਦੇ ਸਨ ।ਆਪ ਉਹਨਾਂ ਦੀ ਸੇਵਾ ਵਿੱਚ ਹਮੇਸ਼ਾ ਲੀਨ ਰਹਿੰਦੇ ਸਨ। ਇਕ ਦਿਨ ਬਾਬਾ ਪਿੱਪਲ ਦਾਸ ਜੀ ਆਪਣੇ ਬੇਟੇ ਨੂੰ ਨਾਲ ਲੈ ਕੇ ਬਠਿੰਡਾ ਤੋਂ ਘੁੰਮਦੇ -ਘੁੰਮਦੇ ਜਲੰਧਰ ਤੋਂ ਹੁੰਦੇ ਹੋਏ ਬੱਲਾਂ ਪਿੰਡ ਪਹੁੰਚੇ ।ਜਿੱਥੇ ਜੰਗਲ ਹੀ ਜੰਗਲ ਸੀ ।ਮਹਾਰਾਜ ਜੀ ਇੱਥੇ ਇਕਾਂਤ ਜੰਗਲ 'ਚ ਦਰਖਤਾਂ ਦੀ ਠੰਡੀ ਛਾਂ ਹੇਠ ਬੈਠ ਕੇ ਸਮਾਧੀ ਲਗਾ ਕੇ ਸਿਮਰਨ ਕਰਦੇ ਸਨ ।ਇਹ ਜਗ੍ਹਾ ਇਕਾਂਤ ਕਰਕੇ ਉਹਨਾਂ ਨੂੰ ਚੰਗੀ ਲੱਗੀ ।ਜਿੱਥੇ ਯਾਦਗਾਰੀ ਮੰਦਰ ਬਣਿਆ ਹੈ, ਇਹ ਇੱਕ ਕਨਾਲ ਜਗ੍ਹਾ ਸ. ਹਜ਼ਾਰਾ ਸਿੰਘ ਪਿੰਡ ਬੱਲਾਂ ਵੱਲੋਂ ਦਾਨ ਕੀਤੀ ਗਈ ਸੀ। ਇੱਥੇ ਕੱਚੀ ਕੁੱਟੀਆ ਵਿੱਚ ਮਹਾਰਾਜ ਰਹਿੰਦੇ ਸਨ। ਕੁੱਟੀਆ ਦੇ ਸਾਹਮਣੇ ਥੜਾ ਸੀ, ਜਿੱਥੇ ਬੈਠ ਕੇ ਮਹਾਰਾਜ ਸੰਗਤਾਂ ਨੂੰ ਪ੍ਰਵਚਨ ਕਰਦੇ ਸਨ। ਹੌਲੀ- ਹੌਲੀ ਇਹ ਸਥਾਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਜਲੰਧਰ ਨਾਲ ਜਾਣਿਆ ਜਾਣ ਲੱਗਾ ।ਇੱਥੇ ਸੰਗਤਾਂ ਭਾਰੀ ਗਿਣਤੀ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ। ਮਹਾਰਾਜ ਜੀ ਦੀਨ ਦੁਖੀਆਂ ਦੇ ਸਰੀਰਕ ਰੋਗ ਕੱਟਣ ਲਈ

ਆਯੂਰਵੈਦਿਕ ਦਵਾਈਆਂ ਨਾਲ ਇਲਾਜ ਕਰਦੇ ।ਉਹਨਾਂ ਦੇ ਦੁੱਖ ਦਵਾਈ ਦੇ ਰਾਹੀਂ ਦੁਆ (ਅਸ਼ੀਰਵਾਦ) ਨਾਲ ਵੀ ਕੱਟਦੇ। ਬੱਚਿਆਂ ਦੇ ਪੜ੍ਹਾਈ ਲਈ ਡੇਰੇ ਵਿੱਚ ਕਲਾਸਾਂ ਲਗਾ ਕੇ ਪੜਾਉਂਦੇ। ਵਧੀਆ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਖੀਰ, ਮਾਹਲ ਪੂੜੇ ਵੀ ਖਵਾਉਂਦੇ ਅਤੇ ਫਲ ਫਰੂਟ ਵੀ ਵੰਡਦੇ । ਪੜ੍ਹਾਈ ਦੇ ਨਾਲ- ਨਾਲ ਬੱਚਿਆਂ ਨੂੰ ਭਾਈਚਾਰੇ ਦੇ ਸੰਦੇਸ਼ ਰਾਹੀਂ ਜਾਗਰੂਕ ਕਰਦੇ। ਸਮਾਜ ਵਿੱਚ ਬੁਰਾਈਆਂ ਨੂੰ ਖਤਮ ਕਰਨ ਲਈ ਮਹਾਰਾਜ ਜੀ ਪ੍ਰੇਰਨਾ ਦਿੰਦੇ ਜਿਵੇਂ ਨਸ਼ਿਆਂ ਤੋਂ ਦੂਰ ਰਹੋ, ਬਾਲ ਵਿਆਹ ਨਾ ਕਰੋ, ਵੱਡਿਆਂ ਦਾ ਸਤਿਕਾਰ ਕਰੋ, ਸਭ ਦੀ ਇੱਜਤ ਕਰੋ ,ਆਪਣਾ ਰਹਿਣ- ਸਹਿਣ ਚੰਗਾ ਬਣਾਓ, ਸਾਫ ਸੁਥਰੇ ਕੱਪੜੇ ਪਹਿਨੋ ,ਸੁੱਖ-ਦੁੱਖ ਵਿਚ ਸਭ ਦੇ ਸਾਂਝੀਦਾਰ ਬਣੋ ,ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ ਅਤੇ ਰਲ ਮਿਲ ਕੇ ਰਹੋ। ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪਣੀ ਬਾਣੀ ਵਿੱਚ ਫਰਮਾਉਂਦੇ ਹਨ : "ਉਪਜਿਓ ਗਿਆਨ, ਹੂਆ ਪ੍ਰਗਾਸ ।" ਗਿਆਨ ਨਾਲ ਹੀ ਸਾਰੇ ਦੁੱਖ ਦੂਰ ਹੋਣੇ ਹਨ ਭਾਵ ਸੋਝੀ ਆਉਣ ਨਾਲ ਹੀ ਮਨੁੱਖ ਵਿੱਚ ਪਰਿਵਰਤਨ ਆਉਂਦਾ ਹੈ ।ਉਹ ਆਪਣੇ ਦੁੱਖਾਂ ਨੂੰ ਨਿਵਾਰਨ ਲਈ ਹੋਰ ਉਪਰਾਲੇ ਕਰਕੇ ਉਸਦਾ ਹੱਲ ਲੱਭਦਾ ਹੈ। ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਆਪਣੇ ਪਰਮ ਸੇਵਕ ਸੰਤ ਹਰੀ ਦਾਸ ਜੀ ਪਾਸੋਂ ਸ੍ਰੀ ਗੁਰੂ ਰਵਿਦਾਸ ਮੰਦਰ ਜਨਮ ਅਸਥਾਨ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਦੀ ਉਸਾਰੀ ਦਾ ਨੀਂਹ ਪੱਥਰ 14 ਜੂਨ 1965 ਈਸਵੀ ਨੂੰ ਸੰਗਰਾਂਦ ਵਾਲੇ ਦਿਨ ਰਖਵਾਇਆ। ਸੰਤ ਸਰਵਣ ਦਾਸ ਜੀ ਨੂੰ ਕਿਸੇ ਸ਼ਰਧਾਲੂ ਨੇ ਕਿਹਾ ਕਿ "ਮਹਾਰਾਜ ਜੀ ਇੰਨੀ ਦੂਰ ਕਾਂਸ਼ੀ ਵਿੱਚ ਕੌਣ ਆਵੇਗਾ ? " ਤਾਂ ਸੰਤਾਂ ਨੇ ਝੱਟਪਟ ਜਵਾਬ ਦਿੱਤਾ ਤੇ ਕਿਹਾ ਕਿ "ਇੱਥੇ(ਕਾਂਸ਼ੀ ਬਨਾਰਸ 'ਚ ) ਸੰਗਤਾਂ ਦੀਆਂ ਗੱਡੀਆਂ ,ਟ੍ਰੇਨਾਂ , ਭਰ -ਭਰ ਕੇ ਆਇਆ ਕਰਨਗੀਆਂ । " ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਅੱਜ ਇਹ ਇਤਿਹਾਸਿਕ ਮੰਦਰ ਸੱਤ ਮੰਜ਼ਿਲਾਂ ਤੱਕ ਤਿਆਰ ਹੋ ਚੁੱਕਾ ਹੈ। 7 ਅਪ੍ਰੈਲ 1994 ਵਿੱਚ ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਸੰਤ ਗਰੀਬ ਦਾਸ ਜੀ ਦੀ ਸਰਪ੍ਰਸਤੀ ਹੇਠ ਸੋਨੇ ਦੇ ਕਲਸ਼ ਆਪਣੇ ਕਰ ਕਮਲਾ ਨਾਲ ਚੜਾਏ। ਸ੍ਰੀ ਗੁਰੂ ਰਵਿਦਾਸ ਗੇਟ ਲੰਕਾ ਚੌਰਾਹਾ ਬਨਾਰਸ ਦਾ ਉਦਘਾਟਨ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਕੋਚਰਿਲ ਰਮਨ ਨਰਾਇਣ ਵੱਲੋਂ 16 ਜੁਲਾਈ 1988 ਨੂੰ ਕੀਤਾ ਗਿਆ ।ਇਸ ਮੌਕੇ 'ਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਵੀ ਮੌਜੂਦ ਸਨ। ਯੂਰਪ ਦੀਆਂ ਸੰਗਤਾਂ ਵੱਲੋਂ "ਸੋਨੇ ਦੀ ਪਾਲਕੀ" ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਕਾਂਸ਼ੀ ਬਨਾਰਸ ਨੂੰ ਭੇਂਟ ਕੀਤੀ ਗਈ। ਸੰਤ ਜਨ ਬੋਹੜ ਦੀ ਛਾਂ ਵਾਂਗ ਹੁੰਦੇ ਹਨ। ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤੱਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ ਠਾਰ ਪੌਣਾਂ ਬਣ ਕੇ ਠਾਰਦੇ ਹਨ ਅਤੇ ਮਨੁੱਖਤਾ ਦਾ ਭਲਾ ਕਰਦੇ ਹਨ : "ਹਰਿ ਕੇ ਨਾਮ ਕਬੀਰ ਉਜਾਗਰ ਜਨਮ ਜਨਮ ਕੇ ਕਾਟੇ ਕਾਗਰ।" ਸੰਤ ਸਰਵਣ ਦਾਸ ਜੀ ਦੁਨੀਆਂ ਨੂੰ ਉਪਦੇਸ਼ ਦਿੰਦੇ ਹੋਏ ਲੋਕਾਈ ਦਾ ਭਲਾ ਕਰਦੇ ਹੋਏ ਇਸ ਫਾਨੀ ਸੰਸਾਰ ਤੋਂ 11 ਜੂਨ 1972 ਨੂੰ ਲੱਗਭਗ 77 ਸਾਲ ਦੀ ਉਮਰ ਭੋਗ ਕੇ ਸਦਾ ਲਈ ਰੁਖਸਤ ਹੋ ਗਏ ।ਭਾਵੇਂ ਮਹਾਰਾਜ ਜੀ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਹਨ ਪਰ ਉਹਨਾਂ ਦੇ ਉਪਦੇਸ਼, ਉਹਨਾਂ ਵੱਲੋਂ ਕੀਤੇ ਕਾਰਜ, ਸਤਿਗੁਰੂ ਰਵਿਦਾਸ ਮਹਾਰ-ਾਜ ਜੀ ਦੀ ਬਾਣੀ ਅਤੇ ਪ੍ਰਚਾਰ ਪ੍ਰਸਾਰ ਪ੍ਰਤੀ ਕੀਤੀਆਂ ਵੱਡਮੁੱਲੀਆਂ ਸੇਵਾਵਾਂ ਹਮੇਸ਼ਾ



ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣਗੀਆਂ । ਸਤਿਗੁਰਾਂ ਤੋਂ ਬਾਅਦ ਡੇਰੇ ਦੇ ਮੌਜੂਦਾ ਮਹਾਂਪੁਰਸ਼ਾਂ ਵੱਲੋਂ ਆਰੰਭੇ ਕਾਰਜਾਂ ਵਿੱਚ ਸੰਤ ਹਰੀ ਦਾਸ ਜੀ ਵੱਲੋਂ ਸੰਤ ਸਰਵਣ ਦਾਸ ਜੀ ਦੀ ਯਾਦ ਵਿੱਚ ਡੇਰੇ ਵਿੱਚ ਸੱਚਖੰਡ ਮੰਦਰ ਦੀ ਉਸਾਰੀ 10 ਅਗਸਤ 1972 ਨੂੰ ਆਰੰਭੀ ਤੇ ਉਦਘਾਟਨ 11 ਜੂਨ 1976 ਨੂੰ ਕੀਤਾ ,ਜੋ ਅੱਜ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਜਲੰਧਰ ਦੇ ਨਾਮ ਨਾਲ ਵਿਸ਼ਵ ਵਿੱਚ ਪ੍ਰਸਿੱਧ ਹੋਇਆ ਹੈ। 22 ਫਰਵਰੀ 1974 ਨੂੰ "ਸੰਤ ਸਰਵਣ ਦਾਸ ਜੀ " ਦੀ ਪ੍ਰਤਿਮਾ ਸਥਾਪਨਾ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਕਾਂਸ਼ੀ ਬਨਾਰਸ ਵਿੱਚ ਕੀਤੀ ਗਈ। ਡੇਰੇ ਦੇ ਮਹਾਂਪੁਰਸ਼ਾਂ ਵੱਲੋਂ " ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ" ਢੇਪੁਰ -ਕੂਪੁਰ ਅੱਡਾ ਕਠਾਰ ਜਲੰਧਰ ਦੀ ਉਸਾਰੀ ਦਾ ਕੰਮ 22 ਅਕਤੂਬਰ 1982 ਨੂੰ ਕੀਤਾ ਗਿਆ ਤੇ ਸ਼ੁੱਭ ਉਦਘਾਟਨ 1 ਜਨਵਰੀ 1984 ਨੂੰ



-ਪ੍ਰਿੰਸੀਪਲ ਪਰਮਜੀਤ ਜੱਸਲ
ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ।
98721-80653

ਕਰਕੇ ਸੰਗਤਾਂ ਨੂੰ ਇਲਾਜ ਲਈ ਖੋਲ੍ਹ ਦਿੱਤਾ। ਜਿੱਥੋਂ ਅੱਜ ਹਜ਼ਾਰਾਂ ਰੋਗੀਆਂ ਦਾ ਰੋਗ ਦੂਰ ਹੋਇਆ। ਹਜ਼ਾਰਾਂ ਮਰੀਜ਼ ਆਪਣਾ ਸਸਤਾ ਤੇ ਵਧੀਆ ਇਲਾਜ ਕਰਵਾ ਰਹੇ ਹਨ। 'ਸਪਤਾਹਿਕ ਬੇਗਮਪੁਰਾ ਸ਼ਹਿਰ' ਪੱਤ੍ਰਿਕਾ ਡੇਰੇ ਵੱਲੋਂ ਸ਼ੁਰੂ ਕੀਤੀ ਗਈ। ਜਿਸ ਰਾਹੀਂ ਅਸੀਂ ਆਪਣੇ ਰਹਿਬਰਾਂ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਸਕਦੇ ਹਾਂ ।ਆਪਣੀ ਕੌਮੀ ਆਵਾਜ਼ ਨੂੰ ਬੁਲੰਦ ਕਰ ਸਕਦੇ ਹਾਂ ।ਜੋ ਰਵਿਦਾਸੀਆ ਕੌਮ ਦਾ ਇੱਕ ਬੁਲਾਰਾ ਬਣ ਕੇ ਸਿੱਧ ਹੋਇਆ ਹੈ । ਵਿਦਿਆ ਦੇ ਖੇਤਰ ਵਿੱਚ "ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ,ਫਗਵਾੜਾ" ਸੀ.ਬੀ.ਐਸ.ਈ. ਸਕੂਲ ਖੋਲ੍ਹਿਆ ਗਿਆ ਹੈ ।ਜਿੱਥੋਂ ਹਜ਼ਾਰਾਂ ਵਿਦਿਆਰਥੀ ਸਿੱਖਿਆ ਗ੍ਰਹਿਣ ਕਰ ਰਹੇ ਹਨ ਅਤੇ ਕਈ ਸਿੱਖਿਆ ਗ੍ਰਹਿਣ ਕਰਕੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਹਨ। "ਸੰਤ ਸਰਵਣ ਦਾਸ ਜੀ ਮਹਾਰਾਜ ਯਾਦਗਾਰੀ ਗੇਟ" ਅੱਡਾ ਸਰਮਸਤਪੁਰ ਜਲੰਧਰ ਬਣਾ ਕੇ ਸੰਤਾਂ ਦੀ ਯਾਦਗਾਰ ਕਾਇਮ ਕੀਤੀ ਗਈ ਹੈ । ਸੰਤਾਂ ਵੱਲੋਂ ਵਿਦੇਸ਼ਾਂ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ 'ਤੇ ਗੁਰੂ ਘਰਾਂ ਦੇ ਨੀਂਹ ਪੱਥਰ ਰੱਖੇ ਗਏ ਹਨ ਤੇ ਉਹਨਾਂ ਦਾ ਉਦਘਾਟਨ ਵੀ ਕੀਤਾ ਗਿਆ ਹੈ ਤਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਵਿਦੇਸ਼ਾਂ ਵਿੱਚ ਪ੍ਰਚਾਰ ਤੇ ਪ੍ਰਸਾਰ ਹੋ ਸਕੇ। ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਮੰਦਿਰ ਸਿਰਸਗੜ੍ਹ, ਹਰਿਆਣਾ ,ਕਰਮ ਸਥੱਲ ਭੂਮੀ ਬਾਬਾ ਪਿੱਪਲ ਦਾਸ ਜੀ ਅਤੇ ਜਨਮ ਸਥੱਲ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਗਿੱਲਪੱਤੀ ਬਠਿੰਡਾ ਦੀ ਉਸਾਰੀ ਕਰਵਾਈ ਗਈ ਹੈ। "ਸੰਤ ਸਰਵਣ ਦਾਸ ਚੈਰੀਟੇਬਲ ਅੱਖਾਂ ਦਾ ਹਸਪਤਾਲ" ਦਾ ਨੀਂਹ ਪੱਥਰ 10 ਨਵੰਬਰ 2004 ਨੂੰ ਰੱਖਿਆ ਤੇ ਸੰਤ ਨਿਰੰਜਨ ਦਾਸ ਜੀ ਵੱਲੋਂ 15 ਫਰਵਰੀ 2007 ਨੂੰ ਉਦਘਾਟਨ ਆਪਣੇ ਸ਼ੁੱਭ ਕਰ ਕਮਲਾਂ ਨਾਲ ਕੀਤਾ ਗਿਆ ।ਇਸ ਹਸਪਤਾਲ ਲਈ ਸਵਰਨ ਚੰਦ ਬੰਗੜ ਅਤੇ ਬੀਬੀ ਰੇਸ਼ਮ ਕੌਰ ਬੰਗੜ ,ਪਿੰਡ ਬੱਲ ਯੂ.ਕੇ. ਵੱਲੋਂ 1 ਕਰੋੜ,1 ਲੱਖ,11 ਹਜ਼ਾਰ, ਇੱਕ ਸੌ ਗਿਆਰ੍ਹਾਂ ਰੁਪਏ ਦਾਨ ਕੀਤਾ ਗਿਆ ।ਜਿੱਥੋਂ ਹਜ਼ਾਰਾਂ ਅੱਖਾਂ ਦੇ ਮਰੀਜ਼ ਰੋਸ਼ਨੀ ਪ੍ਰਾਪਤ ਕਰ ਚੁੱਕੇ ਹਨ। ਉਹਨਾਂ ਨੂੰ ਰੋਸ਼ਨੀ ਮਿਲਣ ਨਾਲ ਉਹਨਾਂ ਦਾ ਜਹਾਨ ਵਾਪਸ ਆ ਗਿਆ ਹੈ। ਇਸ ਤੋਂ ਇਲਾਵਾ ਵੀ ਹੋਰ ਬਹੁਤ ਸਾਰੇ ਉਪਰਾਲੇ ਡੇਰੇ ਵੱਲੋਂ ਕੀਤੇ ਜਾ ਰਹੇ ਹਨ ,ਜੋ ਮਨੁੱਖਤਾ ਦੀ ਭਲਾਈ ਦੇ ਕਾਰਜ ਹਨ। ਡੇਰੇ ਵੱਲੋਂ ਵਿਦੇਸ਼ਾਂ ਦੀ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜਨਮ ਅਸਥਲ ਮੰਦਰ, ਸੀਰ ਗੋਵਰਧਨਪੁਰ ਬਨਾਰਸ ਦਾ ਮੁੱਖ ਦਰਵਾਜ਼ਾ ਸੋਨੇ ਦਾ ਲਗਵਾ ਦਿੱਤਾ ਗਿਆ ਹੈ। ਡੇਰੇ ਵਿੱਚ ਏਸ਼ੀਆਂ ਵਿੱਚੋਂ ਸਭ ਤੋਂ ਪ੍ਰਸਿੱਧ ਸ੍ਰੀ ਗੁਰੂ ਰਵਿਦਾਸ ਭਵਨ ਬਣਾਇਆ ਗਿਆ, ਜੋ ਇੱਕ ਖਿੱਚ ਦਾ ਕੇਂਦਰ ਹੈ । ਇਸ ਦੇ ਨਾਲ ਹੀ ਚਾਰ ਮੰਜ਼ਿਲਾਂ ਵਧੀਆ ਬਿਲਡਿੰਗ ਬਾਹਰਲੀਆਂ ਸਟੇਟਾਂ ਦੀਆਂ ਸੰਗਤਾਂ ਦੀਆਂ ਸਹੂਲਤਾਂ ਲਈ ਬਣਾਈ ਗਈ ਹੈ। ਡੇਰੇ ਦੇ ਨਾਲ ਬੱਸਾਂ, ਕਾਰਾਂ, ਫੋਰਬੀਲਰਾਂ, ਸਕੂਟਰਾਂ ਅਤੇ ਹੋਰ ਆਵਾਜਾਈ ਲਈ ਵਧੀਆ ਸ਼ਾਨਦਾਰ ਪਾਰਕ ਬਣਾਈ ਗਈ ਹੈ। ਸ੍ਰੀ ਗੁਰੂ ਰਵਿਦ-ਾਸ ਭਵਨ ਦੇ ਨਾਲ ਖਾਲੀ ਪਲਾਟ ਵਿੱਚ ਇੱਕ ਵੱਡੀ ਬਿਲਡ੍ਹਿੰਗ ਉਸਾਰੀ ਜਾ ਰਹੀ ਹ ੈ।

ਲੇਖਕ ਦੇ ਨਾਨਾ ਜੀ ਸ੍ਰੀ ਮੰਗੂ ਰਾਮ, ਪਿੰਡ ਮੋਖੇ (ਨਜ਼ਦੀਕ ਡੇਰਾ ਸੱਚਖੰਡ ਬੱਲਾਂ) ਨੇ ਦੱਸਿਆ ਸੀ ਕਿ ਸੰਤ ਸਰਵਣ ਦਾਸ ਜੀ ਆਪਣੇ ਪਿੰਡ ਮੋਖੇ , ਨਹਿਰ ਦੀ ਪੱਟੜੀ 'ਤੇ ਸੈਰ ਕਰਨ ਤੜਕੇ ਸਵੇਰ ਦੇ ਸਮੇਂ ਆਉਂਦੇ ਸਨ। ਉਹ ਬਹੁਤ ਕਾਹਲੀ -ਕਾਹਲੀ ਤੁਰਦੇ ਸਨ। ਜਦੋਂ ਸਾਨੂੰ ਉਨਾਂ ਦੇ ਆਉਣ ਦਾ ਪਤਾ ਲੱਗਦਾ ਤਾਂ ਅਸੀਂ ਮਹਾਂਪੁਰਸ਼ਾਂ ਦੇ ਚਰਨ ਸਪਰਸ਼ ਕਰਨ ਲਈ ਭੱਜਦੇ ਸਾਂ। ਜੇਕਰ ਅਸੀਂ ਉਹਨਾਂ ਨੂੰ ਇਕ -ਦੋ ਰੁਪਏ ਦਾ ਮੱਥਾ ਟੇਕਦੇ ਤਾਂ ਉਹ ਪੈਸੇ ਲੈਂਦੇ ਨਹੀਂ ਸਨ ,ਸਗੋਂ ਮੋੜ ਦਿੰਦੇ ਸਨ। ਤੇ ਕਹਿੰਦੇ ਸਨ ਕਿ ਪੈਸੇ ਲੈ ਜਾਓ, ਇਹ ਤੁਹਾਡੇ ਹੋਰ ਕਿਸੇ ਕੰਮ ਕੰਮ ਆਉਣਗੇ। ਨਾਨਾ ਜੀ (ਮੰਗੂ ਰਾਮ) ਨੇ ਇਹ ਵੀ ਦੱਸਿਆ ਸੀ ਕਿ ਮੇਰਾ ਇੱਕ ਚਾਚਾ, ਜਿਸ ਦਾ ਨਾਂ "ਮਾੜਾ" ਸੀ,(ਉਸ ਨੇ ਵਿਆਹ ਨਹੀਂ ਕਰਾਇਆ ਸੀ)। ਸੰਤ ਸਰਵਣ ਦਾਸ ਜੀ ਨੇ ਉਸਦਾ ਨਾਂ "ਮਨ ਸੁਖੀਆ" ਰੱਖਿਆ ਹੋਇਆ ਸੀ, ਉਹ ਡੇਰੇ ਕੁਟੀਆ ਵਿੱਚ ਸਾਰਾ ਸਾਰਾ ਦਿਨ ਹੱਥ ਨਾਲ ਨਲਕਾ ਗੇੜਦਾ ਰਹਿੰਦਾ ਸੀ ਭਾਵ ਸੰਗਤਾਂ ਨੂੰ ਜਲ ਛਕਾਉਣ ਲਈ, ਸੇਵਾ ਕਰਦਾ ਸੀ। ਇਹ ਨਲਕਾ ਕੱਚੀ ਕੁਟੀਆ ਦੇ ਕੋਲ ਥੜੇ ਦੇ ਸਾਹਮਣੇ ਲੱਗਾ ਹੋਇਆ ਸੀ। ਮਹਾਂਪੁਰਸ਼ ਉਸ ਨਾਲ ਬਹੁਤ ਪਿਆਰ ਕਰਦੇ ਸਨ। ਡੇਰੇ ਦੇ ਟਰੱਸਟੀਆਂ, ਬੁੱਧੀਜੀਵੀਆਂ, ਸੇਵਾਦਾਰਾਂ, ਗੀਤਕਾਰਾਂ, ਗਾਇਕਾਂ ਅਤੇ ਲੇਖਕਾਂ ਦੀ ਭਰਵੀ ਮੀਟਿੰਗ 'ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਆਗਮਨ ਪੁਰਬ ਨੂੰ ਵਧੀਆ ਤੇ ਸਚਾਰੂ ਢੰਗ ਨਾਲ ਮਨਾਉਣ ਲਈ ਤਿਆਰੀਆਂ ਕਰਨ ਲਈ ਕਿਹਾ ਗਿਆ। ਉਪਰੋਕਤ ਸੰਤਾਂ ਦੇ ਪਰਉਪਕਾਰ ਹੀ ਮਨੁੱਖਤਾ 'ਤੇ ਇੰਨੇ ਹਨ ,ਜਿਸ 'ਤੇ ਸਾਡਾ ਸਿਰ ਝੁੱਕਦਾ ਹੈ। ਅਸੀਂ ਉਹਨਾਂ ਦੀ ਵਿਚਾਰਧਾਰਾ ਤੇ ਉਪਦੇਸ਼ਾਂ 'ਤੇ ਚੱਲੀਏ ,ਆਪਸੀ ਏਕਤਾ ਨਾਲ ਰਹਿੰਦੇ ਹੋਏ ਕਾਰਜ ਵੀ ਸਿਰੇ ਚਾੜੀਏ। ਇਹੀ ਸੰਤਾਂ ਨੂੰ ਸੱਚੀ ਸ਼ਰਧਾਂਜਲੀ ਹੈ। ਕਵੀ ਨੇ ਕਿਹਾ ਹੈ:

"ਸੰਤ ਸਰਵਣ ਦਾਸ ਜਿਹਾ ਨਹੀਂ ਹੋਣਾ ,ਕੋਈ ਹਮਦਰਦ ਗਰੀਬਾਂ ਦਾ।"

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਨਾਭਾ ਇਲਾਕੇ ਦਾ ਇਜਲਾਸ ਸਫ਼ਲਤਾਪੂਰਵਕ ਸੰਪੂਰਨ

## ਨਿਰਮਲ ਸਿੰਘ ਨਰਮਾਣਾ ਚੁਣੇ ਗਏ ਨਵੇਂ ਇਲਾਕਾ ਪ੍ਰਧਾਨ

**ਨਾਭਾ (ਸਤਨਾਮ ਸਿੰਘ ਸਹੂੰਗੜਾ)** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ (ZPSC) ਦੀ ਨਾਭਾ ਇਲਾਕਾ ਇਕਾਈ ਵੱਲੋਂ ਇੱਕ ਮਹੱਤਵਪੂਰਨ ਇਜਲਾਸ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ। ਇਸ ਇਜਲਾਸ ਦੌਰਾਨ ਜਿੱਥੇ ਪਿਛਲੇ ਸਮੇਂ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ। ਉੱਥੇ ਹੀ ਜਥੇਬੰਦੀ ਦੀ ਮਜ਼ਬੂਤੀ ਲਈ ਨਵੀਂ ਕਮੇਟੀ ਦੀ ਚੋਣ ਵੀ ਕੀਤੀ ਗਈ। ਇਜਲਾਸ ਵਿੱਚ ਸ਼ਾਮਲ ਹੋਏ ਮੈਂਬਰਾਂ ਵੱਲੋਂ ਪਿਛਲੇ ਸਮੇਂ ਦੌਰਾਨ ਮਿਲੀਆਂ ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਗਿਆ। ਹਾਜ਼ਰੀਨ ਨੇ ਇਨ੍ਹਾਂ ਤਜ਼ਰਬਿਆਂ ਤੋਂ ਸਬਕ ਲੈਂਦਿਆਂ ਭਵਿੱਖੀ ਸੰਘਰਸ਼ਾਂ ਲਈ ਇੱਕ ਠੋਸ ਅਤੇ ਪ੍ਰਭਾਵਸ਼ਾਲੀ ਰਣਨੀਤੀ ਉਲੀਕਣ ਦਾ ਅਹਿਦ ਲਿਆ। ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਵੱਲੋਂ ਪੇਸ਼ ਕੀਤੀ ਗਈ। ਜਦਕਿ ਸਟੇਜ ਸੰਚਾਲਨ ਦੀ ਭੂਮਿਕਾ ਗੁਰਵਿੰਦਰ ਬੌੜਾਂ ਨੇ ਬਾਖ਼ੂਬੀ ਨਿਭਾਈ। ਲੋਕ ਹੱਕਾਂ ਲਈ ਸੰਘਰਸ਼ ਤੇਜ਼ ਕਰਨ ਦਾ ਸੱਦਾ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਮੀਨ ਪ੍ਰਾਪਤੀ ਸੰਘਰਸ਼



ਕਮੇਟੀ ਦੇ ਸੂਬਾ ਪ੍ਰਧਾਨ ਮੁਕੇਸ਼ ਮਲੌਦ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਕਿਰਤੀ ਕਿਸਾਨ ਯੂਨੀਅਨ (KKU) ਦੇ ਰਮਿੰਦਰ ਪਟਿਆਲਾ, ਡੈਮੋਕਰੇਟਿਕ ਟੀਚਰਜ਼ ਫਰੰਟ (ਧਠਢ) ਦੇ ਆਗੂ ਰਾਮਸਰਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ (PSU) ਦੇ ਆਗੂ ਗੁਰਧਿਆਨ ਹਰੀਗੜ੍ਹ ਨੇ ਸੰਬੋਧਨ ਕੀਤਾ। ਆਗੂਆਂ ਨੇ ਆਖਿਆ ਕਿ ਮੌਜੂਦਾ ਦੌਰ ਵਿੱਚ ਲੋਕਾਂ ਦੇ ਜਾਇਜ਼ ਹੱਕਾਂ ਦੀ ਰਾਖੀ ਲਈ ਲੜਾਈ ਨੂੰ ਹੋਰ ਤੇਜ਼ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਇਸ ਦਿਸ਼ਾ ਵਿੱਚ ਦ੍ਰਿੜ੍ਹਤਾ ਨਾਲ ਠੋਸ ਕਦਮ ਚੁੱਕਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਨਵੀਂ ਇਲਾਕਾ ਕਮੇਟੀ ਦੀ ਹੋਈ ਚੋਣ ਜਥੇਬੰਦੀ ਦਾ ਵਿਸਥਾਰ ਕਰਨ ਅਤੇ ਸੰਘਰਸ਼ਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਰਵਸੰਮਤੀ ਨਾਲ ਨਵੀਂ ਇਲਾਕਾ ਕਮੇਟੀ ਦੀ ਚੋਣ ਕੀਤੀ ਗਈ। ਬਲਾਕ ਪ੍ਰਧਾਨ ਨਿਰਮਲ ਸਿੰਘ ਨਰਮਾਣਾ, ਮੀਤ ਪ੍ਰਧਾਨ ਕੁਲਵਿੰਦਰ ਕੌਰ ਮਡੌਰ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਪ੍ਰੀਤ, ਖ਼ਜ਼ਾਨਚੀ ਦਲਜੀਤ ਸਿੰਘ ਮੱਲੇਵਾਲ, ਕਮੇਟੀ ਮੈਂਬਰ ਕਰਤਾਰ ਸਿੰਘ, ਜਗਰੂਪ ਸਿੰਘ, ਮਿੰਟੂ ਸਿੰਘ, ਸੁਖਵਿੰਦਰ ਕੌਰ ਬੌੜਾਂ, ਸੁਖਵਿੰਦਰ ਕੌਰ ਨਰਮਾਣਾ, ਮਨਜੀਤ ਕੌਰ, ਹਰਵੰਸ ਕੌਰ, ਸੁਖਪਾਲ ਕੌਰ ਅਤੇ ਗੁਰਮੀਤ ਕੌਰ। ਇਜਲਾਸ ਦੇ ਅਖੀਰ ਵਿੱਚ ਨਵੇਂ ਚੁਣੇ ਗਏ ਇਲਾਕਾ ਪ੍ਰਧਾਨ ਨਿਰਮਲ ਸਿੰਘ ਨਰਮਾਣਾ ਨੇ ਸਮੂਹ ਮੈਂਬਰਾਂ, ਭਰਾਤਰੀ ਜਥੇਬੰਦੀਆਂ ਅਤੇ ਸਮਰਥਕਾਂ ਦਾ ਇਸ ਇਜਲਾਸ ਨੂੰ ਸਫ਼ਲ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਪਿੰਡ ਜੀਤਪੁਰ ਦੇ ਸਰਕਾਰੀ ਸਕੂਲ ਨੂੰ ਇਨਵਰਟਰ ਕੀਤਾ ਦਾਨ; ਗਰਮੀ ਦੇ ਮੌਸਮ ਵਿੱਚ ਬੱਚਿਆਂ ਨੂੰ ਮਿਲੇਗੀ ਵੱਡੀ ਰਾਹਤ

**ਨਵਾਂਸ਼ਹਿਰ /ਕਾਠਗੜ੍ਹ, 10 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਪਿੰਡ ਜੀਤਪੁਰ ਦੇ ਜੰਮਪਲ ਡਾਕਟਰ ਬਲਰਾਜ ਜੀ ਵੱਲੋਂ ਆਪਣੇ ਪੂਜਨੀਕ ਪਿਤਾ ਜੀ ਦੀ ਅੱਠਵੀਂ ਬਰਸੀ ਮੌਕੇ ਇੱਕ ਸ਼ਲਾਘਾਯੋਗ ਉਪਰਾਲਾ ਕਰਦਿਆਂ ਪਿੰਡ ਦੇ ਸਰਕਾਰੀ ਸਕੂਲ ਨੂੰ ਇੱਕ ਇਨਵਰਟਰ ਦਾਨ ਕੀਤਾ ਗਿਆ ਹੈ। ਡਾਕਟਰ ਬਲਰਾਜ ਨੇ ਦੱਸਿਆ ਕਿ ਸਰਕਾਰੀ ਸਕੂਲ ਵਿੱਚ ਜ਼ਿਆਦਾਤਰ ਲੋੜਵੰਦ ਪਰਿਵਾਰਾਂ ਦੇ ਬੱਚੇ ਸਿੱਖਿਆ ਗ੍ਰਹਿਣ ਕਰਨ ਆਉਂਦੇ ਹਨ, ਇਸ ਲਈ ਇਹ ਇਨਵਰਟਰ ਦਾਨ ਕੀਤਾ ਗਿਆ ਹੈ ਤਾਂ ਜੋ ਬਿਜਲੀ ਜਾਣ 'ਤੇ ਵੀ ਬੱਚਿਆਂ ਨੂੰ ਅੱਤ ਦੀ ਗਰਮੀ ਤੋਂ ਰਾਹਤ ਮਿਲ ਸਕੇ ਅਤੇ ਉਹ ਸੁਖਾਵੇਂ ਮਾਹੌਲ ਵਿੱਚ ਪੱਖਿਆਂ ਦੇ ਥੱਲੇ ਬੈਠ ਕੇ ਆਪਣੀ ਪੜ੍ਹਾਈ



ਨਿਰੰਤਰ ਜਾਰੀ ਰੱਖ ਸਕਣ।
ਇਸ ਨੇਕ ਕਾਰਜ ਦੇ ਮੌਕੇ ਪਿੰਡ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਪ੍ਰੇਮ ਲੰਬੜ, ਸ਼ਿਵ ਦਿਆਲ, ਡਾਕਟਰ ਗੁਰਲਾਲ, ਗੁਰਮੇਲ ਚੰਦ, ਜਗਦੀਸ਼, ਗਰਧਾਰੀ ਲਾਲ ਅਤੇ ਸਵਾਮੀ ਸਹਿਜ ਦਾਸ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਪੁਰਸ਼ੋਤਮ ਜੀਤਪੁਰ ਦੇ ਨਾਲ-ਨਾਲ ਦਿਲਬਾਗ ਚੇਚੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।
ਇਸ ਮੌਕੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਲੱਬ ਪ੍ਰਧਾਨ ਪੁਰਸ਼ੋਤਮ ਜੀਤਪੁਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਪਿੰਡ ਦੇ ਸਕੂਲਾਂ ਅਤੇ ਖੇਡ ਮੈਦਾਨਾਂ ਦੀ ਨੁਹਾਰ ਬਦਲਣ ਲਈ ਅਜਿਹੇ ਸਾਰਥਕ ਕਦਮ ਪੁੱਟਣੇ ਚਾਹੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਲੋਕ-ਭਲਾਈ ਦੇ ਕੰਮਾਂ ਨਾਲ ਸਾਡੇ ਬੱਚਿਆਂ ਦੇ ਮਨਾਂ ਉੱਤੇ ਬਹੁਤ ਵਧੀਆ ਪ੍ਰਭਾਵ ਪੈਂਦਾ ਹੈ, ਉਨ੍ਹਾਂ ਦੀ ਸੋਚ ਸਕਾਰਾਤਮਕ ਬਣਦੀ ਹੈ ਅਤੇ ਉਹ ਨਸ਼ਿਆਂ ਵਰਗੀਆਂ ਮਾੜੀਆਂ ਆਦਤਾਂ ਤੇ ਭੈੜੀਆਂ ਸੰਗਤਾਂ ਤੋਂ ਬਚੇ ਰਹਿ ਸਕਦੇ ਹਨ। ਸਮੂਹ ਨਗਰ ਨਿਵਾਸੀਆਂ ਨੇ ਡਾਕਟਰ ਬਲਰਾਜ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

# ਚਹੇੜੂ ਵਿਖੇ 75ਵੇਂ ਸਾਲਾਨਾ ਜੋੜ ਮੇਲੇ 'ਚ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ ਸ਼ਿਰਕਤ; ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੇ ਖ਼ਾਤਮੇ ਲਈ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਦਿੱਤਾ ਸੱਦਾ

**ਚਹੇੜੂ/ਫਗਵਾੜਾ: (ਚਰਨਜੀਤ ਸੱਲ੍ਹਾ )**ਅੱਜ ਚਹੇੜੂ ਵਿਖੇ ਸਤਿਕਾਰਯੋਗ ਸੰਤ ਕ੍ਰਿਸ਼ਨ ਨਾਥ ਜੀ ਮਹਾਰਾਜ ਚਹੇੜੂ ਵਾਲਿਆਂ ਦੇ ਮਾਰਗਦਰਸ਼ਨ ਹੇਠ ਆਯੋਜਿਤ ਕੀਤੇ ਗਏ 75ਵੇਂ ਸਾਲਾਨਾ ਜੋੜ ਮੇਲੇ ਵਿੱਚ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਪਵਿੱਤਰ ਮੌਕੇ 'ਤੇ ਉਨ੍ਹਾਂ ਨੇ ਸੰਤਾਂ ਮਹਾਂਪੁਰਖਾਂ ਅਤੇ ਇਕੱਤਰ ਹੋਈਆਂ ਸੰਗਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।
ਇਸ ਦੌਰਾਨ ਸੰਤਾਂ ਵੱਲੋਂ ਚਲਾਏ ਜਾ ਰਹੇ ਸਕੂਲ ਦੇ ਮੈਰਿਟ ਵਿੱਚ ਆਉਣ ਵਾਲੇ ਹੋਣਹਾਰ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਸਕੂਲ ਦੇ ਸਟਾਫ ਅਤੇ ਮਾਪਿਆਂ ਨੂੰ ਵਧਾਈ ਵੀ ਦਿੱਤੀ
ਇਸ ਮੌਕੇ ਪੱਤਰਕਾਰਾਂ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪੰਜਾਬ ਵਿੱਚ ਜਿਸ 'ਸਿੱਖਿਆ ਕ੍ਰਾਂਤੀ' ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਉਹ ਜ਼ਮੀਨੀ ਪੱਧਰ 'ਤੇ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੇ ਹਨ।
ਡਾ. ਕਰੀਮਪੁਰੀ ਨੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਪੰਜਾਬ ਦੇ ਵਿੱਚ ਦਲਿਤਾਂ ਅਤੇ ਪਿਛੜੇ ਵਰਗਾਂ ਉੱਪਰ ਜਬਰ ਅਤੇ ਅਨਿਆਂ ਦੀਆਂ ਘਟਨਾਵਾਂ ਵਿੱਚ ਆਏ ਦਿਨ ਬੇਤਹਾਸ਼ਾ ਵਾਧਾ ਹੋ ਰਿਹਾ ਹੈ,





ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਗੰਭੀਰ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸੱਭਿਆਚਾਰਕ ਚੁਣੌਤੀਆਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ।
ਇਨ੍ਹਾਂ ਸਾਰੀਆਂ ਅਲਾਮਤਾਂ ਅਤੇ ਚੁਣੌਤੀਆਂ ਦਾ ਜੜ੍ਹੋਂ ਅੰਤ ਕਰਨ ਲਈ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਸਮੂਹ ਪੰਜਾਬੀਆਂ ਅਤੇ ਇਨਸਾਫ਼ਪਸੰਦ ਲੋਕਾਂ ਨੂੰ ਇੱਕਜੁੱਟ ਹੋ ਕੇ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਜ਼ੋਰਦਾਰ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਗੌਰਵਮਈ ਇਤਿਹਾਸ, ਭਾਈਚਾਰਕ ਸਾਂਝ ਅਤੇ ਦਲਿਤਾਂ-ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਲਈ ਇਸ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ।
ਇਸ ਮੌਕੇ ਡਾ. ਕਰੀਮਪੁਰੀ ਦੇ ਨਾਲ ਹਰਭਜਨ ਬੁਲਾਲੋ (ਸਟੇਟ ਜਨਰਲ ਸੈਕਟਰੀ), ਲੇਖਰਾਜ ਜਮਾਲਪੁਰ, ਚਿਰੰਜੀ ਲਾਲ (ਕੌਂਸਲਰ), ਪਰਮਜੀਤ ਖਲਵਾੜਾ ਅਤੇ ਪਾਰਟੀ ਦੀ ਹੋਰ ਸੀਨੀਅਰ ਲੀਡਰਸ਼ਿਪ ਤੇ ਪਤਵੰਤੇ ਸੱਜਣ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਮਿਲਣ ਨਾਲ ਧਰਤੀ ਹੇਠਲਾ ਪਾਣੀ ਦਾ ਪੱਧਰ ਉੱਚਾ ਹੋਵੇਗਾ: ਸ੍ਰੀ ਵਰਿੰਦਰ ਗੋਇਲ

## ਪੰਜਾਬ ਸਰਕਾਰ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਵਚਨਬੱਧ: ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਅਮਰਗੜ੍ਹ ਵਿਧਾਨ ਸਭਾ ਹਲਕੇ ਦੇ ਪਿੰਡ ਮਾਣਕਮਾਜਰਾ ਅਤੇ ਦਹਿਲੀਜ਼ ਖ਼ੁਰਦ ਵਿਖੇ 13 ਕਰੋੜ ਰੁਪਏ ਦੇ ਸਿੰਚਾਈ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਇਲਾਕੇ ਦੇ 3,832 ਏਕੜ ਤੋਂ ਵੱਧ ਖੇਤੀਯੋਗ ਰਕਬੇ ਨੂੰ ਪਹਿਲੀ ਵਾਰ ਸਿੰਚਾਈ ਲਈ ਨਹਿਰੀ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਬਿਹਤਰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟਾਉਣ ਲਈ ਵਚਨਬੱਧ ਹੈ। ਵਿਧਾਇਕ ਪ੍ਰੋ.ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੇ ਵਿਕਾਸ ਅਤੇ ਲੋਕ ਭਲਾਈ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਨਹਿਰੀ ਢਾਂਚੇ ਦੇ ਆਧੁਨਿਕੀਕਰਨ ਰਾਹੀਂ ਹਰ ਖੇਤ





ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਕਿਸਾਨਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਦੇ ਨਾਲ-ਨਾਲ ਖੇਤੀ ਉਤਪਾਦਨ ਅਤੇ ਆਮਦਨ ਵਿੱਚ ਵਾਧਾ ਕਰਨਗੇ। ਸਟੇਜ ਸਕੱਤਰ ਦੀ ਡਿਊਟੀ ਦਰਸ਼ਨ ਸਿੰਘ ਮਾਣਕਮਾਜਰਾ ਵੱਲੋਂ ਨਿਭਾਈ ਗਈ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮਾਲੇਰਕੋਟਲਾ ਰਘਬੀਰ ਸਿੰਘ ਚੌਂਦਾ, ਗੁਰਪ੍ਰੀਤ ਸਿੰਘ ਬਨਭੌਰਾ ਬਿਟੂ, ਏ.ਸੀ.(ਜ)ਮਨਦੀਪ ਕੌਰ, ਡੀ.ਐਸ.ਪੀ. ਸੰਜੀਵ ਕਪੂਰ, ਸਰਪੰਚ ਦਰਸ਼ਨ ਸਿੰਘ ਮਾਣਕਮਾਜਰਾ, ਮਾ ਗੋਪਾਲ ਸਿੰਘ, ਮਾ.ਮਾਨ ਸਿੰਘ,ਪੰਚ ਚਮਕੌਰ ਸਿੰਘ, ਐਡਵੋ ਕਰਮਜੀਤ ਸਿੰਘ ਸੋਹੀ,ਨੰਬਰਦਾਰ ਹਰਦੀਪ ਸਿੰਘ,ਸੰਮਤੀ ਮੈਂਬਰ ਰਣਜੀਤ ਕੌਰ,ਨਿਰਮਲ ਸਿੰਘ ਪੰਚ, ਹਰਜਿੰਦਰ ਸਿੰਘ ਪੰਚ, ਫੈਜ਼ ਮੁਹੰਮਦ ਪੰਚ, ਅਮਨਦੀਪ ਸਿੰਘ ਨੰਬਰਦਾਰ, ਖਿਜਮਤ ਸਿੰਘ ਮਾਣਕਮਾਜਰਾ, ਸ਼ਮਸ਼ਾਦ ਖਾਂ ਸਰਪੰਚ ਉਪਲਖੇੜੀ, ਰਾਮ ਸਿੰਘ ਵੱਖ-2, ਸੁਖਦਰਸ਼ਨ ਸਿੰਘ ਨੋਨਾ, ਮਹਿਕਮੇ ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਹਲਕਾ ਨਿਵਾਸੀ ਮੌਜੂਦ ਸਨ।

# ਰਾਏਕੋਟ ਨੇੜੇ ਵਾਪਰਿਆ ਭਿਆਨਕ ਸੜਕ ਹਾਦਸਾ, ਬੇਕਾਬੂ ਬੱਸ ਨੇ ਟ੍ਰੈਕਟਰ-ਟਰਾਲੀ ਅਤੇ ਟਰਾਲੇ ਨੂੰ ਮਾਰੀ ਟੱਕਰ, ਅੱਧੀ ਦਰਜਨ ਤੋਂ ਵੱਧ ਲੋਕ ਜ਼ਖ਼ਮੀ

## ਗੋਂਦਵਾਲ ਨੇੜੇ ਹਾਦਸੇ ਕਾਰਨ ਮਚੀ ਹਫੜਾ-ਦਫੜੀ, ਬੱਸ ਚਾਲਕ ਤੇ ਕੰਡਕਟਰ ਮੌਕੇ ਤੋਂ ਫਰਾਰ, ਪੁਲਿਸ ਨੇ ਸ਼ੁਰੂ ਕੀਤੀ ਜਾਂਚ

**ਰਾਏਕੋਟ, 10 ਜੂਨ :ਗੁਰਭਿੰਦਰ ਗੁਰੀ।** ਲੁਧਿਆਣਾ-ਬਠਿੰਡਾ ਰਾਜਮਾਰਗ 'ਤੇ ਪਿੰਡ ਗੋਂਦਵਾਲ ਦੇ ਨਜ਼ਦੀਕ ਅੱਜ ਸਵੇਰੇ ਇੱਕ ਭਿਆਨਕ ਸੜਕ ਹਾਦਸਾ ਵਾਪਰ ਗਿਆ, ਜਿਸ ਕਾਰਨ ਇਲਾਕੇ ਵਿੱਚ ਦਹਿਸ਼ਤ ਅਤੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਇਸ ਹਾਦਸੇ ਵਿੱਚ ਅੱਧੀ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ, ਜਦਕਿ ਬੱਸ, ਟ੍ਰੈਕਟਰ-ਟਰਾਲੀ ਅਤੇ ਸੜਕ ਕਿਨਾਰੇ ਖੜ੍ਹੇ ਟਰਾਲੇ ਨੂੰ ਭਾਰੀ ਨੁਕਸਾਨ ਪੁੱਜਿਆ। ਖੁਸ਼ਕਿਸਮਤੀ ਨਾਲ ਕਿਸੇ ਵੀ ਵਿਅਕਤੀ ਦੀ ਜਾਨ ਨਹੀਂ ਗਈ, ਨਹੀਂ ਤਾਂ ਇਹ ਹਾਦਸਾ ਇੱਕ ਵੱਡੀ ਤ੍ਰਾਸਦੀ ਦਾ ਰੂਪ ਧਾਰ ਸਕਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਡੱਬਵਾਲੀ ਟਰਾਂਸਪੋਰਟ ਕੰਪਨੀ ਦੀ ਬੱਸ ਨੰਬਰ ਪੀਬੀ-03-ਏਪੀ-9973 ਲੁਧਿਆਣਾ ਤੋਂ ਰਾਏਕੋਟ ਵੱਲ ਜਾ ਰਹੀ ਸੀ। ਜਦੋਂ ਬੱਸ ਪਿੰਡ ਗੋਂਦਵਾਲ ਨੇੜੇ ਪਹੁੰਚੀ ਤਾਂ ਬੱਸ ਚਾਲਕ ਨੇ ਅੱਗੇ ਜਾ ਰਹੀ ਇੱਕ ਟ੍ਰੈਕਟਰ-ਟਰਾਲੀ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਸਾਹਮਣੇ ਤੋਂ ਆ ਰਹੇ ਇੱਕ ਹੋਰ ਵਾਹਨ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਬੱਸ ਚਾਲਕ ਦਾ ਸੰਤੁਲਨ ਵਿਗੜ ਗਿਆ ਅਤੇ ਬੱਸ ਬੇਕਾਬੂ ਹੋ ਗਈ।

ਬੇਕਾਬੂ ਹੋਈ ਬੱਸ ਪਹਿਲਾਂ ਟ੍ਰੈਕਟਰ-ਟਰਾਲੀ ਨਾਲ ਜਾ ਟਕਰਾਈ ਅਤੇ ਫਿਰ ਸੜਕ ਕਿਨਾਰੇ ਇੱਕ ਵਰਕਸ਼ਾਪ ਅੱਗੇ ਖੜ੍ਹੇ ਟਰਾਲੇ ਨਾਲ ਜਾ ਵੱਜੀ।

ਟੱਕਰ ਇੰਨੀ ਜ਼ਬਰਦਸਤ ਸੀ ਕਿ ਤਿੰਨਾਂ ਵਾਹਨਾਂ ਨੂੰ ਭਾਰੀ ਨੁਕਸਾਨ ਪੁੱਜਿਆ। ਹਾਦਸੇ ਦੀ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਜ਼ਖ਼ਮੀਆਂ ਨੂੰ ਬੱਸ ਵਿੱਚੋਂ ਬਾਹਰ ਕੱਢਣ ਲਈ ਰਾਹਤ ਕਾਰਜ ਸ਼ੁਰੂ ਕੀਤੇ।

ਹਾਦਸੇ ਦੇ ਸਮੇਂ ਬੱਸ ਵਿੱਚ ਕਾਫ਼ੀ ਗਿਣਤੀ ਵਿੱਚ ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚ ਵੱਡੀ





ਗਿਣਤੀ ਪ੍ਰਵਾਸੀ ਮਜ਼ਦੂਰਾਂ ਦੀ ਸੀ। ਅਚਾਨਕ ਹੋਈ ਟੱਕਰ ਕਾਰਨ ਯਾਤਰੀਆਂ ਵਿੱਚ ਚੀਕ-ਚਿਹਾੜਾ ਮਚ ਗਿਆ। ਕਈ ਸਵਾਰੀਆਂ ਆਪਣੀਆਂ ਸੀਟਾਂ ਤੋਂ ਡਿੱਗ ਪਈਆਂ ਅਤੇ ਕੁਝ ਨੂੰ ਸ਼ੀਸ਼ੇ ਟੁੱਟਣ ਕਾਰਨ ਸੱਟਾਂ ਲੱਗੀਆਂ।

ਜ਼ਖ਼ਮੀਆਂ ਵਿੱਚ ਭਾਰਤੀ ਦੇਵੀ, ਰਿਆ ਕੁਮਾਰੀ, ਬਬਲੂ ਪਾਸਵਾਨ, ਮੀਨਾ ਦੇਵੀ, ਅਭਿਲਾਸ਼ਾ ਕੁਮਾਰੀ ਅਤੇ ਪਾਇਲ ਸ਼ਾਮਲ ਹਨ। ਇਸ ਤੋਂ ਇਲਾਵਾ ਟ੍ਰੈਕਟਰ ਚਾਲਕ ਪ੍ਰੀਤ ਸਿੰਘ ਵਾਸੀ ਮਹਿਲ ਕਲਾਂ ਅਤੇ ਉਸਦੇ ਸਾਥੀ ਹਰਮੀਤ ਸਿੰਘ ਵੀ ਹਾਦਸੇ ਵਿੱਚ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਨਜ਼ਦੀਕੀ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

**ਤੇਜ਼ ਰਫ਼ਤਾਰ ਨੂੰ ਦੱਸਿਆ ਜਾ ਰਿਹਾ ਹਾਦਸੇ ਦਾ ਕਾਰਨ**

ਮੌਕੇ 'ਤੇ ਮੌਜੂਦ ਪ੍ਰਤੱਖ ਦਰਸ਼ੀਆਂ ਨੇ ਦੱਸਿਆ ਕਿ ਬੱਸ ਕਾਫ਼ੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ। ਉਨ੍ਹਾਂ ਦੇ ਅਨੁਸਾਰ ਜੇਕਰ ਬੱਸ ਦੀ ਗਤੀ ਨਿਯੰਤਰਿਤ ਹੁੰਦੀ ਤਾਂ ਇਹ ਹਾਦਸਾ ਟਾਲਿਆ ਜਾ ਸਕਦਾ ਸੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਰਾਜਮਾਰਗ 'ਤੇ ਅਕਸਰ ਤੇਜ਼ ਰਫ਼ਤਾਰ ਕਾਰਨ ਹਾਦਸੇ ਵਾਪਰਦੇ ਰਹਿੰਦੇ ਹਨ ਅਤੇ ਪ੍ਰਸ਼ਾਸਨ ਨੂੰ ਇਸ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ।

ਹਾਦਸੇ ਤੋਂ ਤੁਰੰਤ ਬਾਅਦ ਬੱਸ ਚਾਲਕ ਅਤੇ ਕੰਡਕਟਰ ਮੌਕੇ ਤੋਂ ਫਰਾਰ ਹੋ ਗਏ। ਇਸ ਕਾਰਨ ਯਾਤਰੀਆਂ ਅਤੇ ਸਥਾਨਕ ਲੋਕਾਂ ਵਿੱਚ ਰੋਸ ਵੀ ਦੇਖਣ ਨੂੰ ਮਿਲਿਆ। ਲੋਕਾਂ ਦਾ ਕਹਿਣਾ ਸੀ ਕਿ ਹਾਦਸੇ ਤੋਂ ਬਾਅਦ ਜ਼ਖ਼ਮੀਆਂ ਦੀ ਮਦਦ ਕਰਨ ਦੀ ਬਜਾਏ ਦੋਵੇਂ ਕਰਮਚਾਰੀ ਮੌਕੇ ਤੋਂ ਭੱਜ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਰਾਏਕੋਟ ਸਿਟੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਵੱਲੋਂ ਹਾਦਸਾਗ੍ਰਸਤ ਵਾਹਨਾਂ ਨੂੰ ਸੜਕ ਤੋਂ ਹਟਾ ਕੇ ਆਵਾਜਾਈ ਨੂੰ ਮੁੜ ਚਾਲੂ ਕਰਵਾਇਆ ਗਿਆ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਫਰਾਰ ਬੱਸ ਚਾਲਕ ਅਤੇ ਕੰਡਕਟਰ ਦੀ ਭਾਲ ਕੀਤੀ ਜਾ ਰਹੀ ਹੈ। ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਲੁਧਿਆਣਾ-ਬਠਿੰਡਾ ਰਾਜਮਾਰਗ 'ਤੇ ਤੇਜ਼ ਰਫ਼ਤਾਰ ਨਾਲ ਚੱਲਣ ਵਾਲੇ ਵਾਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੇ ਦਰਦਨਾਕ ਹਾਦਸਿਆਂ ਨੂੰ ਰੋਕਿਆ ਜਾ ਸਕੇ। ਫਿਲਹਾਲ ਇਸ ਹਾਦਸੇ ਵਿੱਚ ਕਿਸੇ ਜਾਨੀ ਨੁਕ-ਸਾਨ ਦੀ ਖ਼ਬਰ ਨਹੀਂ ਹੈ, ਪਰ ਹਾਦਸੇ ਨੇ ਇੱਕ ਵਾਰ ਫਿਰ ਸੜਕ ਸੁਰੱਖਿਆ ਅਤੇ ਤੇਜ਼ ਰਫ਼ਤਾਰ ਦੇ ਖ਼ਤਰਿਆਂ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

for more news visit:
www.samajweekly.com

# ਬੈਲਫਾਸਟ ਹਿੰਸਾ ਦੇ ਦੋਸ਼ੀਆਂ ਨੂੰ ਕਾਨੂੰਨ ਦੀ ਪੂਰੀ ਸਖ਼ਤੀ ਦਾ ਸਾਹਮਣਾ ਕਰਨਾ ਪਵੇਗਾ - ਕੀਰ ਸਟਾਰਮਰ

**ਲੈਸਟਰ (ਇੰਗਲੈਂਡ), 10 ਜੂਨ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬੈਲਫਾਸਟ ਵਿਚ ਮੰਗਲਵਾਰ ਰਾਤ ਭੜਕੀ ਹਿੰਸਾ ਅਤੇ ਅਸ਼ਾਂਤੀ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਦੀ ਪੂਰੀ ਸਖ਼ਤੀ ਦਾ ਸਾਹ-ਮਣਾ ਕਰਨਾ ਪਵੇਗਾ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਬੈਲਫਾਸਟ ਵਿਚ ਵਾਪਰੀਆਂ ਘਟਨਾਵਾਂ ਹੈਰਾਨ ਕਰਨ ਵਾਲੀਆਂ ਅਤੇ ਪੂਰੀ ਤਰ੍ਹਾਂ ਅਸਵੀਕਾਰਯੋਗ ਹਨ। ਸਟਾਰਮਰ ਨੇ ਕਿਹਾ ਕਿ ਭਾਈਚਾਰਿਆਂ ਨੂੰ ਡਰਾਉਣ-ਧਮਕਾਉਣ ਵਾਲੀ ਹਿੰਸਾ ਅਤੇ ਅਸ਼ਾਂਤੀ ਲਈ ਕੋਈ ਜਾਇਜ਼ ਕਾਰਨ ਨਹੀਂ ਹੋ ਸਕਦਾ ਅਤੇ ਨਾ ਹੀ ਉਨ੍ਹਾਂ ਲੋਕਾਂ ਲਈ ਕੋਈ ਬਹਾਨਾ ਹੈ ਜਿਨ੍ਹਾਂ ਨੇ ਆਨਲਾਈਨ ਜਾਂ ਕਿਸੇ ਹੋਰ ਢੰਗ ਨਾਲ ਇਸ ਨੂੰ ਉਕਸਾਇਆ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਕੁਝ ਲੋਕਾਂ ਨੂੰ ਉਨ੍ਹਾਂ ਦੀ ਨਸਲੀ ਜਾਂ ਸਮਾਜਿਕ ਪਿਛੋਕੜ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਗਿਆ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਿਸ, ਐਮਰਜੈਂਸੀ ਸੇਵਾਵਾਂ ਅਤੇ ਉੱਤਰੀ ਆਇਰਲੈਂਡ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਮੇਂ ਸਭ ਤੋਂ ਵੱਡੀ ਤਰਜੀਹ ਅਮਨ ਅਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣਾ ਹੈ ਅਤੇ ਪੁਲਿਸ ਨੂੰ ਆਪਣਾ ਕੰਮ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।



**ਬੈਲਫਾਸਟ ਵਿਚ ਭੜਕੀ ਹਿੰਸਾ ਸਬੰਧੀ ਬਿਆਨ ਜਾਰੀ ਕਰਦੇ ਹੋਏ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ।ਤਸਵੀਰ:- ਸੁਖਜਿੰਦਰ ਸਿੰਘ ਢੱਡੇ**

# ...ਜੇਠ ਨੂੰ ਲੱਸੀ ਨਹੀਂ ਪਿਆਉਂਣੀ !

ਛੋਟੇ ਹੁੰਦੇ, ਕੋਠੇ ਉੱਤੇ ਮੰਜੇ ਦੀਆਂ ਪੈਂਅਦਾ ਵਾਲੇ ਪਾਸੇ ਜੋੜਕੇ,ਖੜ੍ਹੇ ਕੀਤੇ ਦੋ ਮੰਜਿਆਂ ਉਪਰ ਬੰਨ੍ਹੇ ਸਪੀਕਰ ਵਿੱਚੋਂ,ਲੋਕ ਗੀਤ ਸੁਣਦੇ ਸੀ,"----

ਛੜੇ ਜੇਠ ਨੂੰ ਲੱਸੀ ਨੀ ਪਿਆਉਣੀ"
ਦਿਓਰ ਭਾਵੇਂ
ਮੱਝ ਚੁੰਘ ਜੇ!

ਅੱਜ ਤੋਂ ਪੰਜ ਸੱਤ ਦਹਾਕੇ ਪਹਿਲਾਂ,ਜੇਠ ਦੇ ਤਪਦੇ ਮਹੀਨੇ ਪਿੰਡਾਂ ਵਿੱਚ, ਲੱਸੀ ਹੀ ਵੱਡੀ ਸੁਗਾਤ ਹੁੰਦੀ ਸੀ ਅਤੇ ਪਿੰਡ ਦਾ ਹਰ ਬੰਦਾ ਲੱਸੀ ਪੀਂਦਾ ਸ। ਉਹ ਵੀ ਪੀਂਦੇ,ਜਿਹਦੇ ਘਰ ਦੁਧ ਜਾਂ ਦੁਦਾਰੂ ਪਸ਼ੂ ਨਹੀਂ ਹੁੰਦੇ ਸਨ। ਆਮ ਤੌਰ ਤੇ ਆਂਢ ਗੁਆਂਢ ਵਿੱਚੋਂ ਲੱਸੀ ਮਿਲ ਹੀ ਜਾਂਦੀ ਸੀ। ਇਥੋਂ ਤੱਕ ਕਿ ਲੋੜਵੰਦ ਕਾਮੇ ਤਾਂ ਲੱਸੀ ਨਾਲ ਹੀ ਰੋਟੀ ਖਾ ਲੈਂਦੀ ਸੀ। ਵੱਡੇ ਜਿਮੀਂਦਾਰਾਂ ਦੇ ਘਰ ਮੱਝਾਂ ਵਾਧੂ ਹੁੰਦੀਆਂ ਸਨ। ਚੜਦੇ ਜੇਠ ਵੀ ਤਾਜ਼ੀਆਂ ਲਵੇਰੀਆਂ ਸੂਅ ਪੈਂਦੀਆਂ ਸਨ। ਕਿਉਂਕਿ ਜਿਆਦਾ ਮੱਝਾਂ ਵਿੱਚੋਂ ਦੋ ਚਾਰ ਤੋਕੜ, ਦੋ ਚਾਰ ਸੂਈਆਂ ਹੋਈਆਂ ਅਤੇ ਦੋ ਚਾਰ ਸੂਣ ਵਾਲੀਆਂ ਮੱਝਾਂ ਗਾਂਵਾਂ ਹੁੰਦੀਆਂ ਹੀ ਸਨ। ਆਮ ਛੋਟੇ ਘਰਾਂ ਵਿੱਚ ਇੱਕ ਮੱਝ ਹੀ ਹੁੰਦੀ ਤੇ ਬਹੁ ਗਿਣਤੀ ਗਰੀਬ ਦੀ ਮੱਝ ਸੌਣ ਮਹੀਨੇ ਹੀ ਸੂੰਦੀ ਸੀਲ ਇਸ ਲਈ ਜੇਠ ਹਾੜ ਵਿੱਚ ਮਿਲਵਰਤਣ ਵਾਲੇ ਘਰਾਂ ਤੋਂ ਦੁੱਧ ਉਧਾਰ ਜਾਂ ਪਿਆਰ ਨਾਲ ਮਿਲ ਜਾਂਦਾ ਸੀ ਤੇ ਲੱਸੀ ਵੀ ਵਾਧੂ।

ਅੱਜ ਕੱਲ ਪਿੰਡਾਂ ਵਿੱਚੋਂ ਵੀ ਇਹ ਲੱਸੀ ਦੀ ਸੁਗਾਤ ਅਤੇ ਸਾਂਝ ਖਤਮ ਹੀ ਸਮਝੋ। ਕੌਣ ਰੱਖੇ 15-20 ਡੰਗਰ,ਕੌਣ ਸੰਭਾਲੇ,ਸਾਂਝੇ ਟੱਬਰ ਵੀ ਨਹੀਂ ਰਹੇ ਅਤੇ ਚੌਣੇ ਲਈ ਛੱਪੜ ਟੋਭੇ ਵੀ ਕਿਤੇ ਹੀ ਬਚੇ ਹਨ। ਸਾਂਝੇ ਪਰਿਵਾਰਾਂ ਵਿੱਚ ਪੰਜ ਸੱਤ ਭਰਾਵਾਂ ਚੋਂ ਇੱਕ ਅੱਧਾ ਅਣਵਿਆਹਾ ਹੁੰਦਾ ਹੀ ਜੋ ਜੇਠ/ ਤਾਏ ਦਾ ਰੁਤਬਾ ਹਾਸਲ ਕਰਦਾ ਸੀ। ਜੇਠੇ ਤਾਏ ਆਮ ਤੌਰ ਤੇ ਕਾਮੇ ਅਤੇ ਔਖੇ ਕੰਮਾਂ ਨੂੰ ਸਮਰਪਿਤ ਹੁੰਦੇ ਸਨ। ਰਾਤਾਂ ਨੂੰ ਖੇਤਾਂ ਵਿੱਚ ਰਹਿਣਾ, ਬਾਹਰਲੇ ਘਰ ਡੰਗਰਾਂ ਕੋਲ ਪੈਣਾ।

ਉਹਨਾਂ ਸਮਿਆਂ ਵਿੱਚ ਜੇਠ ਦੇ ਸਮਾਜਿਕ ਪਰ ਰੁਤਬੇ ਅਨੁਸਾਰ ਛੋਟੇ ਭਰਾਵਾਂ ਦੀਆਂ ਘਰ ਵਾਲੀਆਂ ਛੋਟੀਆਂ ਭਰਜਾਈਆਂ ਤੇ ਹੋਰ ਵੀ ਸਰੀਕੇ ਕਬੀਲੇ ਵਿੱਚੋਂ ਘਰਾਂ ਵਾਲੀਆਂ ਔਰਤਾਂ ਵੱਡੇ ਬੰਦੇ ਤੋਂ ਘੁੰਡ ਕੱਢ ਕੇ ਮੂੰਹ ਢੱਕ ਕੇ ਰੱਖਦੀਆਂ ਸਨ ਜੋ ਕਿ ਇੱਜਤ ਮਾਣ ਅਤੇ ਸ਼ਰਮ ਹਿਆ ਦਾ ਪ੍ਰਤੀਕ ਹੁੰਦਾ ਸੀ ਤੇ ਵੱਡੇ ਦਾ ਸਤਿਕਾਰ। ਅਜੋਕੇ ਸਮੇਂ ਵਿੱਚ ਇਹ ਰਿਸ਼ਤਾ ਲਗਭਗ ਲੋਪ ਹੋਣ ਕਿਨਾਰੇ ਹੈ। ਕਿਉਂਕਿ ਕਿਤੇ ਕਿਤੇ ਹੀ ਦੋ ਭਾਈ ਹਨ, ਬਹੁਤੇ ਪਰਿਵਾਰਾਂ ਵਿੱਚ ਇੱਕ ਬੱਚੇ ਵਾਲੇ ਹੀ ਹਨ। ਬਹੁਤਿਆਂ ਬੱਚਿਆਂ ਨੂੰ ਤਾਇਆ,ਚਾਚਾ,ਮਾਸੀ,ਭੂਆ ਨਸੀਬ ਨਹੀਂ ਹੋਣੀ।ਬਹੁਤਿਆਂ ਦੇ ਦਿਓਰ, ਜੇਠਾਣੀ, ਭਰਜਾਈ ਵੀ ਹੋਣੇ ਅਸੰਭਵ ਹਨ। ਸੋ ਛੜੇ ਜੇਠ ਨੇ ਲੱਸੀ ਵੀ ਕਿਸ ਤੋਂ ਮੰਗਣੀ ਹੈ? ਹੁਣ ਬੱਚਿਆਂ ਦੇ ਪਿਓ ਦੇ ਚੰਗੇ ਵਰਤਾਓ ਤੇ ਨੇੜਤਾ ਵਾਲੇ ਦੋਸਤ ਹੀ,ਤਾਏ ਚਾਚੇ, ਤਾਈ ਚਾਚੀ , ਬਣਦੇ ਹਨ। ਸੋ ਜੇਕਰ ਤੌਲੇ ਅਤੇ ਚਾਟੀ ਦੀ ਲੱਸੀ ਨਹੀਂ ਮਿਲਦੀ ਤਾਂ ਛੜਾ ਜੇਠ ਵੀ ਖਿਸਕ ਗਿਆ ਸਮਾਜ ਵਿੱਚੋਂ।ਹੁਣ ਤਾਂ ਲੱਸੀ ਵੇਰਕੇ ਦੇ ਪੈਕਟਾਂ ਵਿੱਚ ਅਤੇ ਛੜਾ ਜੇਠ ਵਿਆਹ ਦੀਆਂ ਬੋਲੀਆਂ ਗੀਤਾਂ ਤੇ ਪੰਜਾਬੀ ਫਿਲਮਾਂ ਵਿੱਚ,ਹੀ ਰਹਿ ਗਿਆ ਹੈ। ਜਿਸ ਬਾਰੇ ਅਜੋਕੀ ਪੀੜੀ ਨੂੰ ਦੱਸਣਾ ਪੈਂਦਾ ਹੈ ਕਿ ਪਿਓ ਤੋਂ ਵੱਡਾ ਭਰਾ ਤਾਇਆ ਅਤੇ ਮਾਂ ਦਾ ਜੇਠ ਲੱਗਦਾ ਸੀ।

ਪਹਿਲਾਂ ਪਹਿਲਾਂ ਵੱਡੇ ਪਲੇਠੇ ਭਰਾ ਨੂੰ ਜੇਠਾ ਕਹਿੰਦੇ ਸਨ ਤੇ ਉਹੀ ਜੇਠ। ਅੱਜ ਕੱਲ ਸਭ ਦੇ ਹੀ ਜੇਠੇ ਜਾਂਦੇ ਹਨ, ਕਿਉਂਕਿ ਇੱਕ ਬੱਚਾ। ਇਹ ਵੀ ਧਾਰਨਾ ਸੀ ਕਿ ਜੇਠ ਮਹੀਨੇ ਵਿੱਚ ਜੇਠੇ ਪੁੱਤ ਦਾ ਵਿਆਹ ਨਹੀਂ ਕਰਨਾ ਪਰ ਅੱਜ ਕੱਲ੍ਹ ਸਭ ਚਲਦਾ, ਹੋਟਲਾਂ ਵਿੱਚ ਏਸੀ ਲਾ ਕੇ ਦਸੰਬਰ ਜਨਵਰੀ ਵਰਗੀ ਠੰਡ ਦਾ ਆਨੰਦ ਮਾਣਿਆ ਜਾਂਦਾ ਹੈ।

ਜੇਠ ਮਹੀਨੇ ਦੀ ਤਪਸ਼ ਦਾ ਪ੍ਰਕੋਪ ਖੱਲਾਂ, ਖੂੰਜਿਆਂ ਤੱਕ ਮਾਰ ਕਰਦਾ ਹੈ ਤੇ ਪਸ਼ੂ ਪੰਛੀ,ਰਾਹਗੀਰ, ਬਨਸਪਤੀ ਪਾਣੀ ਨੂੰ ਤਰਾਹ ਤਰਾਹ ਕਰਦੇ ਹਨ । ਹੱਥ ਧੋਕੇ ਪੂੰਝਣ ਦੀ ਜਰੂਰਤ ਨਹੀਂ । ਜੋ ਔਰਤਾਂ ਜੇਠ ਨੂੰ,ਜੇਠ ਸਮਝਕੇ ਸਿਰ ਕੱਜ ਕੇ ਘੁੰਢ ਕੱਢਦੀਆਂ ਸਨ,ਉਹ ਅੱਜ ਜੇਠ ਮਹੀਨੇ ਦੀ ਤਾਕਤ, ਤਪਸ਼ ਤੋਂ ਬਚਣ ਵਾਸਤੇ ਸਪੈਸ਼ਲ ਚੁੰਨੀਆਂ ਦੀਆਂ ਬੁੱਕਲਾਂ ਮਾਰ ਕੇ ਮੂੰਹ ਸਿਰ ਲੁਕੋ ਕੇ, ਜਿਉਂਦੇ ਜਾਗਦੇ ਜੇਠ ਦੀ ਤਰ੍ਹਾਂ ਹੀ, ਜੇਠ ਮਹੀਨੇ ਦਾ ਸਤਿਕਾਰ ਕਰਦੀਆਂ ਹਨ।ਮੌਸਮ ਵਿਗਿਆਨੀਆਂ ਅਨੁਸਾਰ ਜੇਠ ਮਹੀਨੇ ਦਾ ਪ੍ਰਕਿਰਤੀ ਵਿੱਚ ਬਹੁਤ ਅਹਿਮ ਪੱਖ ਹੈ ਜੇਕਰ ਜੇਠ ਦੀ ਤਪਸ਼ ਨਾ ਹੋਵੇ ਤਾਂ ਸੌਣ ਮਹੀਨੇ ਬਾਰਸ਼ਾਂ ਵੀ ਨਹੀਂ ਹੋਣਗੀਆਂ ਕਿਉਂਕਿ ਮਹਾਸਾਗਰ ਵਿੱਚੋਂ ਤਪਦੀਆਂ ਪੌਣਾਂ ਤੇ ਲੂ ਦਾ ਵਗਣਾ ਭਵਿੱਖ ਵਿੱਚ ਬਾਰਸ਼ , ਮੌਨਸੂਨ ਦੀ ਸੰਭਾਵਨਾਵਾਂ ਨੂੰ ਹੋਰ ਉਤੇਜਿਤ ਕਰਦਾ ਹੈ। ਜੇਠ ਦੇ ਮਹੀਨੇ ਨੂੰ "ਨੌ ਤਪਾ" ਵੀ ਕਿਹਾ ਜਾਂਦਾ ਹੈ ! ਜਿਸ ਵਿੱਚ 25 ਮਈ ਤੋਂ ਦੋ ਜੂਨ ਤੱਕ ਸਭ ਤੋਂ ਸਖਤ ਭਿਆਨਕ ਗਰਮੀ ਹੁੰਦੀ ਹੈ ਜੋ ਕਿ ਤਾਪਮਾਨ 50 ਡਿਗਰੀ ਤੱਕ ਵੀ ਜਾ ਸਕਦਾ ਹੈ। ਵਿਗਿਆਨੀਆਂ ਨੇ ਅਤੇ ਮਾਹਿਰਾਂ ਨੇ ਇਸ ਕਰੜੇ ਧੁੱਪ ਦੇ ਅਤੇ ਲੂ(ਲੋਅ) ਦੇ ਦਿਨਾਂ ਨੂੰ ਬਹੁਤ ਹੀ ਲਾਭਕਾਰੀ ਦੱਸਿਆ ਹੈ ਕਿ ਜੇਕਰ ਇਹ ਅੱਤ ਦੀ ਧੁੱਪ ਨਾ ਪਵੇ ਤਾਂ ਅਸੀਂ ਅੰਨ ਅਨਾਜ ਤੋਂ ਥੁੜ ਜਾਵਾਂਗੇ ਅਤੇ ਭੁੱਖਮਰੀ ਵੀ ਪੈ ਸਕਦੀ ਹੈ। ਇਸ ਭਿਆਨਕ ਤਪਸ਼ ਤੋਂ ਨਾਲ ਚੂਹਿਆਂ ਦੀ ਜਨਸੰਖਿਆ ਨਹੀਂ ਵੱਧਦੀ, ਫਸਲਾਂ ਲਈ ਮਾਰੂ ਕੀੜੇ ਜਿਵੇਂ ਟਿੱਡੀ ਦਲ ਦਾ ਵਾਧਾ ਅਤੇ ਮਾਰੂ ਕੀਟਾਣੂਆਂ ਦਾ ਵਾਧਾ ਰੁਕਣਾ, ਮਨੁੱਖ ਲਈ ਬਿਮਾਰੀਆਂ ਤੋਂ ਵੀ ਰਾਹਤ ਮਿਲਦੀ ਹੈ। ਹੋਰ ਹਾਨੀਕਾਰ ਕੀੜੇ ਜਹਰੀਲੇ ਸੱਪ ਬਿੱਛੂ ਆਦਿ ਵੀ ਘੱਟ ਪੈਦਾ ਹੁੰਦੇ ਹਨ, ਮੱਖੀ ਮੱਛਰ ਕਿਤੇ ਨਜ਼ਰ ਨਹੀਂ ਆਉਂਦਾ, ਚਾਰ ਕਣੀਆਂ ਪੈਣ ਦਿਓ ਵੇਖਿਓ ਆਪਾਂ ਤੰਗ ਆ ਜਾਂਵਾਂਗੇ। ਭਿਆਨਕ ਗਲੋਬਲ ਗਰਮੀ ਦਾ ਕਾਰਨ ਮਨੁੱਖ ਹੀ ਹੈ ਜ਼ੋ ਕੁਦਰਤੀ ਵਰਤਾਰੇ ਦੇ ਉਲਟ ਚਲਦਾ ਹੈ।ਕੁਦਰਤ ਨੇ ਆਪਣੇ ਨਿਯਮਾਂ ਅਨੁਸਾਰ ਹੀ ਸਭ ਕਾਸੇ ਦਾ ਸੰਤੁਲਨ ਬਣਾਇਆ ਹੋਇਆ ਹੈ, ਭਾਵੇਂ ਮਨੁੱਖ ਆਪਣੀਆਂ ਸਹੂਲਤਾਂ ਵਾਸਤੇ ਕੁਦਰਤ ਦੀ ਨਿਯਮਾਵਲੀ ਵਿਚ ਵਿਘਨ ਪਾ ਰਿਹਾ ਹੈ ਅਤੇ ਭੁਗਤ ਵੀ ਰਿਹਾ ਹੈ। ਹਨ ਕਿਉਂਕਿ ਸਿੱਲੇ ਮੌਸਮ ਵਿੱਚ ਕੀੜੇ ਮਕੌੜਿਆਂ ਦੀ ਭਰਮਾਰ ਵੇਖਣ ਨੂੰ ਆਮ ਮਿਲਦੀ ਹੈ।ਫਲਾਂ ਵਿੱਚ ਮਿਠਾਸ ਵੀ ਇਸ ਧੁੱਪ ਤੇ ਲੂ ਦੇ ਕਾਰਨ ਹੀ ਪੈਂਦੀ ਹੈ। ਇਸ ਤੱਤੀ ਲੂ ਕਰਕੇ ਹੀ ਭਰਵੀ ਮੌਨਸੂਨ ਦੀ ਸੰਭਾਵਨਾ ਬਣਦੀ ਹੈ। ਇਸ ਲਈ ਜੇਠ ਮਹੀਨੇ ਤੇ ਡਰੋ ਨਾ ਇਸ ਜੇਠ ਮਹੀਨੇ ਦਾ ਸਤਕਾਰ ਕਰੋ ਭਾਵੇਂ ਘੁੰਢ ਕੱਢਕੇ ਹੀ।

ਹਾਂ,ਇਹ ਵੀ ਵੇਖਣ ਵਿੱਚ ਆਇਆ ਹੈ ਕਿ ਧਾਰਮਿਕ ਅਸਥਾਨਾਂ ਦੇ ਬਾਬੇ ਤੇ ਵੱਡੇ ਬਜ਼ੁਰਗ, ਨਵੀਂ ਪੀੜੀ ਦੀਆਂ ਮਾਡਰਨ ਨੂੰਹਾਂ, ਕੁੜੀਆਂ, ਬੀਬੀਆਂ ਨੂੰ ਕਹਿ ਕਹਿ ਕੇ ਥੱਕ ਗਏ ਹਨ,ਕਿ ਕੁੜੇ ਬੀਬੀਓ! ਸਿਰ ਢੱਕਕੇ ਰੱਖੋ ,ਇਹ ਚੁੰਨੀ ਔਰਤ ਦੀ ਇੱਜਤ ਅਤੇ ਗਹਿਣਾ ਹੁੰਦੀ ਹੈ।ਪਰ ਬੀਬੀਆਂ ਸ਼ਮਸ਼ਾਨ ਘਾਟ ਜਾਂ ਰੱਬ ਦੇ ਘਰ ਹੀ ਚੁੰਨੀ ਓਡਦੀਆਂ ਹਨ, ਓਥੋਂ ਤੁਰਨ ਵੇਲੇ, ਬਕਾਇਦਾ ਖਿਆਲ ਨਾਲ ਚੁੰਨੀ ਲਾਹਕੇ ਮੋਢੇ ਤੇ ਜਾਂ ਲਫਾਫੇ ਵਿੱਚ ।

ਅੱਜ ਵੀ ਜੇਠ ਦਾ ਰੁਤਬਾ ਘੱਟ ਨਹੀਂ।ਜੇਠ ਦਾ ਮਹੀਨਾ ਅੱਧਾ ਲੰਘ ਗਿਆ ਤੇ ਅੱਧਾ ਲੰਘ ਜਾਵੇਗਾ। ਪਰ ਇੱਕ ਚੰਗੀ ਖਬਰ ਇਹ ਹੈ ਕਿ ਅੱਜ ਸਾਰੀਆਂ ਬੀਬੀਆਂ ਭੈਣਾਂ ਬੇਪਛਾਣ ਜਿਹਾ ਹੋਕੇ,ਮੂੰਹ ਸਿਰ ਬੰਨ੍ਹਕੇ ਘੁੰਮਦੀਆਂ ਹਨ। ਭਾਵੇਂ ਚੁੰਨੀ ਬੈਗ ਜਾਂ ਐਕਟਿਵਾ ਵਿਚ ਹੀ ਹੋਵੇ,ਇਸ ਲਈ ਜੇਠ ਦਾ ਰੁਤਬਾ ਜਿੰਦਾਬਾਦ।



**ਗੁਰਮੇਲ ਸਿੰਘ ਸਿੱਧੂ,**
**ਚੰਡੀਗੜ੍ਹ**
**੯੫੯੨੧੯੨੧੧੧**

# ਮੰਗਲ ਢਿਲੋਂ ਦੀ ਬਰਸੀ ਤੇ ਵਿਸ਼ੇਸ਼

**11 ਜੂਨ ਨੂੰ ਮੰਗਲ ਢਿਲੋਂ ਦੀ ਬਰਸੀ ਤੇ ਵਿਸ਼ੇਸ਼**

ਜਿਹੜੇ ਦਰਸ਼ਕਾਂ ਨੇ 1986 ਵਿੱਚ ਬੁਨਿਆਦ ਸੀਰੀਅਲ ਵਿੱਚ ਰਾਮ ਲੁਭਾਇਆ ਦਾ ਕਿਰਦਾਰ ਵੇਖਿਆ ਹੈ । ਉਹ ਭੁੱਲੇ ਨਹੀਂ ਹੋਣਗੇ ਇਹ ਕਿਰਦਾਰ ਮੰਗਲ ਢਿੱਲੋਂ ਨੇ ਨਿਭਾਇਆ ਸੀ ।ਇਹਨਾਂ ਦਾ ਜਨਮ ਮੇਰੇ ਗੁਆਂਢੀ ਪਿੰਡ ਵਾਂਦਰ ਜਟਾਣਾਂ ਜਿਲਾ ਫਰੀਦਕੋਟ ਵਿਖੇ 18 ਜੂਨ 1957 ਨੂੰ ਹੋਇਆ। ਪ੍ਰਾਇਮਰੀ ਸਿੱਖਿਆ ਇਹਨਾਂ ਨੇ ਪੰਜ ਗਰਾਈ ਕਲਾ ਤੋਂ ਲਈ॥

ਉਸ ਤੋਂ ਬਾਅਦ ਇਹਨਾਂ ਦੇ ਪਿਤਾ ਜੀ ਅਤੇ ਤਾਇਆ ਜੀ ਯੂਪੀ ਦੇ ਵਿੱਚ ਲਖੀਮਪੁਰ ਖੇੜੀ ਵਿੱਚ ਖੇਤੀਬਾੜੀ ਕਰਦੇ ਸਨ ।ਉਥੋਂ ਇਹਨਾਂ ਨੇ ਦਸਵੀਂ ਕਲਾਸ ਪਾਸ ਕੀਤੀ, ਅਤੇ ਬਾਰਵੀਂ ਕਲਾਸ ਕੋਟਕਪੂਰਾ ਤੋਂ ਪਾਸ ਕੀਤੀ। ਗ੍ਰੈਜੂਏਸ਼ਨ ਇਹਨਾਂ ਨੇ ਗੌਰਮੈਂਟ ਕਾਲਜ ਮੁਕਤਸਰ ਤੋਂ ਪਾਸ ਕੀਤੀ । ਉਸ ਤੋਂ ਬਾਅਦ 1979 ਤੱਕ ਇਹ ਦਿੱਲੀ ਵਿੱਚ ਹੀ ਥੀਏਟਰ ਦਾ ਕੰਮ ਕਰਦੇ ਰਹੇ। 1980 ਵਿੱਚ ਇਹਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਇੰਡੀਅਨ ਥੀਏਟਰ ਵਿੱਚ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਹਾਸਿਲ ਕੀਤਾ। ਕੁਝ ਸਮਾਂ ਇਹ ਸ੍ਰੀ ਮੁਕਤਸਰ ਸਾਹਿਬ ਦੀ ਇੱਕ ਨਿੱਜੀ ਟਰੈਕਟਰ ਏਜੰਸੀ ਵਿੱਚ ਇਹ ਵੀ ਸੇਲਜਮੈਨ ਦਾ ਕੰਮ ਕਰਦੇ ਰਹੇ। ਇਹਨਾਂ ਦਾ ਪਰਿਵਾਰ ਚਾਹੁੰਦਾ ਸੀ ਕਿ ਇਹ ਪੜ੍ਹ ਲਿਖ ਕੇ ਅਧਿਆਪਕ ਬਣਨ ।ਪਰ ਕੁਦਰਤ ਨੂੰ ਹੋਰ ਹੀ ਮਨਜ਼ੂਰ ਸੀ ।ਇਹਨਾਂ ਦੇ ਬਾਗੀ ਸੁਭਾਅ ਕਾਰਨ ਇਹਨਾਂ ਨੇ ਬੰਬਈ ਵੱਲ ਰੱਖ ਰੁੱਖ ਕੀਤਾ। ਸਭ ਤੋਂ ਪਹਿਲਾਂ ਇਹਨਾਂ ਨੇ 1986 ਵਿੱਚ ਟੀਵੀ ਸੀਰੀਅਲ ਬੁਨਿਆਦ ਵਿੱਚ ਰੋਲ ਕੀਤਾ। ਜਿਸ ਨੇ ਇਹਨਾਂ ਦੀ ਬਾਲੀਵੁੱਡ ਫਿਲਮਾਂ ਵਿੱਚ ਨੀਂਹ ਪੱਕੀ ਕੀਤੀ। ਬੁਨਿਆਦ ਤੋਂ ਬਾਅਦ ਇਹਨਾਂ ਨੇ ਜਨੂੰਨ ,ਕਥਾ ਸਾਗਰ,



ਮਹਾਨ ਮਰਾਠਾ ,ਪੈਂਥਰ, ਘੁਟਨ, ਸਾਹਿਲ , ਮੌਲਾਨਾ ਅਬਦੁਲ ਕਲਾਮ ਆਜ਼ਾਦ , ਮੁਜਰਮ ਹਾਜ਼ਰ ਹੈ ,ਰਸਤਾ, ਆਦਿ ਸੀਰੀਅਲਾਂ ਵਿੱਚ ਬਹੁਤ ਵਧੀਆ ਰੋਲ ਨਿਭਾਏ । 1988 ਵਿੱਚ ਇਹਨਾਂ ਨੇ ਕਬੀਰ ਬੇਦੀ ਅਤੇ ਰੇਖਾ ਦੀ ਫਿਲਮ ਖੂਨ ਭਰੀ ਮਾਂਗ ਵਿੱਚ ਪਹਿਲੀ ਵਾਰ ਵਕੀਲ ਦਾ ਰੋਲ ਅਦਾ ਕੀਤਾ। ਉਸ ਤੋਂ ਬਾਅਦ ਇਹਨਾਂ ਨੇ ਜਖਮੀ ਔਰਤ, ਦਿਆਵਾਨ ,ਕਹਾਂ ਹੈ ਕਾਨੂੰਨ, ਪੀਟਰ ,ਆਪਣਾ ਦੇਸ ਪਰਾਏ ਲੋਕ ,ਐਡਵੋਕੇਟ ਸ਼ਰਮਾ, ਨਾਕਾਬੰਦੀ, ਲਕਸ਼ਮਣ ਰੇਖਾ, ਯਸ਼, ਨਾਗਮਣੀ , ਟ੍ਰੇਨ ਟੂ ਪਾਕਿਸਤਾਨ ,ਤੂਫ਼ਾਨ ਸਿੰਘ ਆਦਿ 30 ਦੇ ਲਗਭਗ ਫਿਲਮਾਂ ਵਿੱਚ ਕੰਮ ਕੀਤਾ।

ਡੇਢ ਦਹਾਕਾ ਪਹਿਲਾਂ ਮੰਗਲ ਢਿੱਲੋ ਬੰਬਈ (ਮੁੰਬਈ)ਤੋਂ ਜ਼ਿਲ੍ਹਾ ਲੁਧਿਆਣੇ ਦੇ ਨੀਲੋਂ ਕਲਾਂ ਵਿਖੇ ਰਹਿਣ ਲੱਗੇ। ਇਹਨਾਂ ਦੇ ਪਰਿਵਾਰ ਦਾ ਸਿੱਖ ਧਰਮ ਵਿੱਚ ਬਹੁਤ ਵਿਸ਼ਵਾਸ ਸੀ। ਸਾਰਾ ਪਰਿਵਾਰ ਹੀ ਧਰਮ ਖਿਆਲਾਂ ਦਾ ਸੀ। ਇਸੇ ਕਾਰਨ ਸ਼ਾਇਦ ਮੰਗਲ ਢਿੱਲੋ ਨੇ ਵੀ ਪੰਜਾਬ ਆ ਕੇ ਖਾਲਸਾ ਨਾਂ ਦੀ ਇਤਿਹਾਸਿਕ ਫਿਲਮ ਬਣਾਈ ।ਜੋ ਕਿ ਨੌਜਵਾਨਾਂ ਨੂੰ ਸਿੱਖੀ ਅਤੇ ਵਿਰਸੇ ਨਾਲ ਜੋੜ ਕੇ ਰੱਖਣ ਵਾਲੀ ਫਿਲਮ ਸਾਬਿਤ ਹੋਈ। ਅਗਲੇ ਸਾਲ ਇਹਨਾਂ ਨੇ ਪ੍ਰਕਾਸ਼ ਤੋਂ ਪ੍ਰਕਾਸ਼ ਤੱਕ ਇਤਿਹ-ਾਸਕ ਫਿਲਮ ਬਣਾਈ ।ਜਿਸ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਜੀ ਦੀ 24 ਘੰਟਿਆਂ ਦੀ ਮਰਿਆਦਾ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ। ਪੰਜਾਬ ਵਿੱਚ ਰਹਿੰਦੇ ਇਹਨਾਂ ਨੇ ਹੋਰ ਵੀ ਕਈ ਧਾਰਮਿਕ ਫਿਲਮਾਂ ਦਾ ਨਿਰਮਾਣ ਕੀਤਾ।ਇਹਨਾਂ ਨੂੰ ਬਹੁਤ ਸਾਰੇ ਮਾਣ ਸਨਮਾਨ ਮਿਲੇ।

ਮੰਗਲ ਢਿੱਲੋ ਜੀ ਇੱਕ ਚੰਗੇ ਨਿਰਮਾਤਾ, ਨਿਰਦੇਸ਼ਕ, ਅਦਾਕਾਰ, ਅਤੇ ਲੇਖਕ ਸਨ। ਇਹਨਾਂ ਦੇ ਘਰ ਧਰਮ ਪਤਨੀ, ਬੇਟਾ, ਬੇਟੀ ,ਭਰਾ ਰਾਮ ਸਿੰਘ ਢਿੱਲੋਂ ਭੈਣ ਰਣਜੀਤ ਕੌਰ ਹਨ। ਅੰਤ 11 ਜੂਨ 2023 ਨੂੰ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਕੈਂਸਰ ਦੀ ਬਿਮਾਰੀ ਕਰਕੇ ਸਵਰਗਵਾਸ ਹੋ ਗਏ। ਸ਼ੁਭ ਚਿੰਤਕ ਪਾਠਕ।



**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**



# ਮੋਬਾਈਲ ਗੇਮਿੰਗ ਦੇ ਬੱਚਿਆਂ 'ਤੇ ਦੁਰਪ੍ਰਭਾਵ



ਮੋਬਾਈਲ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਿਆ ਹੈ। ਇਸ ਤੋਂ ਬਿਨਾਂ ਅੱਜ ਜ਼ਿੰਦਗੀ ਸੰਭਵ ਨਹੀਂ ਲੱਗਦੀ। ਇਸ ਦੀਆਂ ਸੁੱਖ ਸਹੂਲਤਾਂ ਦੇ ਨਾਲ ਨਾਲ ਸਾਨੂੰ ਜਾਣੇ ਅਣਜਾਣੇ ਵਿੱਚ ਬਹੁਤ ਤਰ੍ਹਾਂ ਦੇ ਨੁਕਸਾਨ ਵੀ ਉਠਾਉਣੇ ਪੈ ਰਹੇ ਹਨ। ਅੱਜ ਨਿੱਤ ਦਿਹਾੜੇ ਕੋਈ ਨਾ ਕੋਈ ਅਜਿਹੀ ਖ਼ਬਰ ਸੁਣਨ ਨੂੰ ਮਿਲਦੀ ਹੈ ਜਿਸ ਵਿੱਚ ਬੱਚੇ ਮੋਬਾਈਲ ਤੇ ਗੇਮਾਂ ਖੇਡਦੇ ਖੇਡਦੇ ਆਪਣਾ ਮਾਨਸਿਕ ਸੰਤੁਲਨ ਗੁਆਉਣ ਕਾਰਨ ਵੱਡੀਆਂ ਵੱਡੀਆਂ ਦੁਰਘਟਨਾਵਾਂ ਨੂੰ ਅੰਜਾਮ ਦੇ ਬੈਠਦੇ ਹਨ। ਮੋਬਾਈਲ ਗੇਮਿੰਗ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਜ਼ਿਆਦਾ ਦੇਰ ਗੇਮਾਂ ਖੇਡਣ ਨਾਲ ਅੱਖਾਂ ਦੀ ਰੋਸ਼ਨੀ ਘੱਟ ਹੋਣਾ, ਸੁਭਾਅ ਵਿੱਚ ਚਿੜਚਿੜਾਪਣ ਆਉਣਾ, ਅਤੇ ਦਿਲ ਦੀ ਸਿਹਤ 'ਤੇ ਮਾੜਾ ਅਸਰ ਪੈਣਾ ਵਰਗੀਆਂ ਗੰਭੀਰ ਸਮੱਸਿਆਵਾਂ ਹੋ ਰਹੀਆਂ ਹਨ। ਬੱਚੇ ਲਗਾਤਾਰ ਇੱਕੋ ਥਾਂ ਬੈਠ ਕੇ ਘੰਟਿਆਂ ਬੱਧੀ ਮੋਬਾਈਲ ਗੇਮ ਖੇਡਦੇ ਰਹਿੰਦੇ ਹਨ। ਲਗਾਤਾਰ ਇੱਕੋ ਥਾਂ ਬੈਠਣ ਨਾਲ ਅੱਜ ਕੱਲ੍ਹ ਬੱਚਿਆਂ ਵਿੱਚ ਮੋਟਾਪੇ ਵਰਗੀਆਂ ਬੀਮਾਰੀਆਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਬੱਚਿਆਂ ਦੀਆਂ ਅੱਖਾਂ ਤੇ ਬੁਰਾ ਪ੍ਰਭਾਵ ਪੈਂਦਾ ਹੈ । ਅੱਜ ਕੱਲ੍ਹ ਛੋਟੇ ਛੋਟੇ ਬੱਚਿਆਂ ਦੇ ਵੱਡੇ ਨੰਬਰਾਂ ਵਾਲ਼ੀਆਂ ਨਿਗ੍ਹਾ ਦੀਆਂ ਐਨਕਾਂ ਲੱਗ ਰਹੀਆਂ ਹਨ। ਇਸ ਨਾਲ ਬੱਚੇ ਹੋਰ ਵੀ ਕਈ ਤਰ੍ਹਾਂ ਦੀਆਂ ਸਰੀਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਮੋਬਾਈਲ ਗੇਮਿੰਗ ਦਾ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਬੱਚੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ। ਇਸ ਕਾਰਨ ਬੱਚਿਆਂ ਦੀਆਂ ਮਾਨਸਿਕ ਸਮੱਸਿਆਵਾਂ ਕਈ ਗੁਣਾ ਵੱਧ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਤਿੰਨ ਤੋਂ ਚਾਰ ਸਾਲ ਦੇ ਛੋਟੇ ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਸਿਰਫ ਇਹੀ ਨਹੀਂ, ਖੇਡਾਂ ਲਈ ਉਪਕਰਣਾਂ ਦੀ ਘਾਟ ਕਾਰਨ, ਹੁਣ ਬੱਚੇ ਹਿੰਸਾ 'ਤੇ ਵੀ ਉਤਰਨ ਲੱਗ ਪਏ ਹਨ।

ਜਿਹੜੇ ਬੱਚੇ ਮੋਬਾਈਲ ਤੇ ਆਨਲਾਈਨ ਗੇਮਾਂ ਜਿਵੇਂ ਪੱਬਜੀ ਜਾਂ ਫ੍ਰੀ ਫਾਇਰ ਵਰਗੀਆਂ ਜਾਂ ਹੋਰ ਅਨੇਕਾਂ ਇਹੋ ਜਿਹੀਆਂ ਗੇਮਾਂ ਦੇ ਆਦੀ ਹੋ ਜਾਂਦੇ ਹਨ ਉਹਨਾਂ ਦਾ ਪੜ੍ਹਾਈ ਤੋਂ ਧਿਆਨ ਬਿਲਕੁਲ ਹਟ ਜਾਂਦਾ ਹੈ। ਉਹਨਾਂ ਦੀ ਮਾਨਸਿਕ ਸਥਿਤੀ ਖ਼ਰਾਬ ਹੋਣ ਲੱਗਦੀ ਹੈ ਤੇ ਖੇਡ ਦਾ ਨਾਕ-ਾਰਾਤਮਕ ਪ੍ਰਭਾਵ ਉਨ੍ਹਾਂ ਉੱਪਰ ਭਾਰੂ ਹੋਣ ਨਾਲ ਜਾਂ ਤਾਂ ਮਾਨਸਿਕ ਤੌਰ ਤੇ ਬੁਰੀ ਤਰ੍ਹਾਂ ਬੀਮਾਰ ਹੋ ਜਾਂਦੇ ਹਨ ਤੇ ਕਈ ਵਾਰ ਤਾਂ ਡੂੰਘੇ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਬੱਚੇ ਆਤਮਹੱਤਿਆ ਵਰਗੇ ਭਿਆਨਕ ਕਦਮ ਵੀ ਉਠਾ ਲੈਂਦੇ ਹਨ। ਮੋਬਾਈਲ ਗੇਮਾਂ ਵਿੱਚ ਹਥਿਆਰ ਜਾਂ ਗੇਮਾਂ ਦੇ ਅਪਗ੍ਰੇਡ ਖਰੀਦਣ ਦੇ ਚੱਕਰ ਵਿੱਚ ਬੱਚੇ ਕਈ ਵਾਰ ਘਰ ਦੇ ਪੈਸਿਆਂ ਦੀ ਦੁਰਵਰਤੋਂ ਕਰ ਲੈਂਦੇ ਹਨ ਜਿਸ ਕਰਕੇ ਬੱਚਿਆਂ ਦੇ ਨਾਲ ਨਾਲ ਮਾਪਿਆਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਦੇ ਬਦਲਦੇ ਦੌਰ ਵਿੱਚ ਅਤੇ ਸਮਾਰਟ ਫੋਨਾਂ ਰਾਹੀਂ ਸਮਾਰਟ ਹੋ ਰਹੀ ਦੁਨੀਆਂ ਦੇ ਨਾਲ ਬੱਚਿਆਂ ਵਿੱਚ ਮੋਬਾਈਲ ਗੇਮਿੰਗ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ । ਇਹ ਆਦਤ ਕਿੰਨੀ ਖਤਰਨਾਕ ਹੋ ਰਹੀ ਹੈ ਇਹ ਤਾਂ ਅੱਜ ਕੱਲ੍ਹ ਆਉਣ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਬੁਰੀਆਂ ਖਬਰਾਂ ਤੋਂ ਪਤਾ ਲੱਗ ਰਿਹਾ ਹੈ। ਕਿਤੇ ਬੱਚਿਆਂ ਵੱਲੋਂ ਮਾਪਿਆਂ ਦੇ ਬੈਂਕ ਖਾਤੇ ਖ਼ਾਲੀ ਕਰ ਦਿੱਤੇ ਜਾਂਦੇ ਹਨ,ਕਿਤੇ ਬੱਚਿਆਂ ਵੱਲੋਂ ਮਾਪਿਆਂ ਪ੍ਰਤੀ ਹਿੰਸਕ ਪ੍ਰਵਿਰਤੀਆਂ ਅਪਣਾ ਕੇ ਕਈ ਤਰ੍ਹਾਂ ਦੇ ਘਾਤਕ ਕਦਮ ਉਠਾ ਕੇ ਮਾਪਿਆਂ ਨੂੰ ਜਾਂ ਭੈਣ ਭਰਾਵਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾ ਰਹੇ ਹਨ। ਕਰੋਨਾ ਕਾਲ ਸਮੇਂ ਤੋਂ ਆਨਲਾਈਨ ਪੜ੍ਹਾਈ ਕਰਨ ਅਤੇ ਕੰਮ ਕਰਨ ਦਾ ਰੁਝਾਨ ਵਧਣ ਨਾਲ ਬੱਚਿਆਂ ਲਈ ਮਾਪਿਆਂ ਦੇ ਇਸ ਜੰਤਰ ਨੂੰ ਵਰਤਣਾ ਸੌਖਾ ਹੋ ਗਿਆ। ਬੱਚੇ ਮੋਬਾਈਲ ਤੇ ਪੜ੍ਹਾਈ ਘੱਟ ਕਰਦੇ ਤੇ ਵੀਡੀਓ ਗੇਮਾਂ ਖੇਡਣ ਜਾਂ ਯੂਟਿਊਬ ਰਾਹੀਂ ਵਰਜਿਤ ਤੱਥ ਵੇਖਣ ਵਿੱਚ ਜ਼ਿਆਦਾ ਦਿਲਚਸਪੀ ਦਿਲਚਸਪੀ ਰੱਖਦੇ ਹਨ।

ਅੱਜ ਕੱਲ੍ਹ ਮਾਪੇ ਆਪਣੇ ਕੰਮਾਂ ਵਿੱਚ ਜ਼ਿਆਦਾ ਰੁੱਝੇ ਰਹਿੰਦੇ ਹਨ। ਬੱਚੇ ਉਨ੍ਹਾਂ ਨੂੰ ਵਾਰ ਵਾਰ ਪਰੇਸ਼ਾਨ ਨਾ ਕਰਨ ਇਸ ਲਈ ਉਹ ਉਨ੍ਹਾਂ ਨੂੰ ਆਪਣੇ ਮੋਬਾਈਲ ਦੇ ਕੇ ਉਨ੍ਹਾਂ ਨੂੰ ਵਿਅਸਤ ਤਾਂ ਕਰ ਦਿੰਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਹ ਆਪਣੇ ਬੱਚੇ ਨੂੰ ਕਿਹੜੀ ਦਲਦਲ ਵਿੱਚ ਧਕੇਲ ਰਹੇ ਹੁੰਦੇ ਹਨ। ਬਸ ਮਾਪਿਆਂ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਉਠਾਉਂਦੇ ਹੋਏ ਬੱਚੇ ਆਨਲਾਈਨ ਗੇਮਿੰਗ ਅਤੇ ਆਨਲਾਈਨ ਵੀਡੀਓ ਵੇਖਣ ਦੇ ਆਦੀ ਹੋਣ ਲੱਗਦੇ ਹਨ। ਬੱਚਿਆਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਘਟਣ ਲੱਗਦੀ ਹੈ। ਉਹ ਘਰ ਆਏ ਮਹਿਮਾਨਾਂ ਨੂੰ ਵੀ ਸਮਾਂ ਦੇਣ ਦੀ ਬਜਾਏ ਘਰ ਦੀ ਇੱਕ ਨੁੱਕਰੇ ਬੈਠਾ ਗੇਮਾਂ ਵਿੱਚ ਰੁੱਝਿਆ ਦਿਸਦਾ ਹੈ। ਉਦੋਂ ਤਾਂ ਸ਼ਾਇਦ ਮਾਪਿਆਂ ਨੂੰ ਲੱਗਦਾ ਹੋਵੇਗਾ ਕਿ ਬੱਚਾ ਤੰਗ ਨਹੀਂ ਕਰ ਰਿਹਾ ਪਰ ਉਹ ਇਸ ਗੱਲੋਂ ਅਣਜਾਣ ਹੁੰਦੇ ਹਨ ਕਿ ਆਪਣੇ ਬੱਚੇ ਦੀ ਸਿਹਤ ਨੂੰ ਕਿਸ ਤਰ੍ਹਾਂ ਖ਼ਤਰੇ ਵਿੱਚ ਪਾ ਰਹੇ ਹੁੰਦੇ ਹਨ। ਜਿਸ ਦਾ ਨਤੀਜਾ ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਆਪ ਹੀ ਭੁਗਤਣਾ ਪੈਂਦਾ ਹੈ। ਜਦ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਦੇ ਸਾਹਮਣੇ ਮੋਬਾਈਲ ਦੀ ਜ਼ਿਆਦਾ ਵਰਤੋਂ ਨਾ ਕਰਨ। ਉਹ ਆਪਣੇ ਬੱਚਿਆਂ ਨੂੰ ਖੇਡਣ ਲਈ ਖਿਡੌਣੇ ਦੇਣ, ਉਨ੍ਹਾਂ ਲਈ ਸਮਾਂ ਕੱਢ ਕੇ ਉਨ੍ਹਾਂ ਨਾਲ਼ ਗੱਲਾਂ ਬਾਤਾਂ ਸਾਂਝੀਆਂ ਕਰਨ ਤਾਂ ਜੋ ਬੱਚਾ ਆਪਣੇ ਆਪ ਨੂੰ ਦਿਮਾਗੀ ਤੌਰ ਤੇ ਹਲਕਾ ਮਹਿਸੂਸ ਕਰਦਾ ਹੋਇਆ ਆਪਣੇ ਮਾਪਿਆਂ ਦੀ ਸੰਗਤ ਦਾ ਆਨੰਦ ਮਾਣੇ। ਬੱਚੇ ਨੂੰ ਘਰ ਦੇ ਵਿਹੜੇ ਵਿੱਚ ਖੇਡਣ ਤੋਂ ਲੈ ਕੇ ਗਰਾਊਂਡ ਤੱਕ ਦੀਆਂ ਖੇਡਾਂ ਵਿੱਚ ਰੁਝਾਨ ਪੈਦਾ ਕਰਨ,ਇਸ ਨਾਲ ਉਨ੍ਹਾਂ ਦੀ ਸਰੀਰਕ ਤਾਕਤ ਵਧੇਗੀ ਅਤੇ ਮੋਬਾਈਲ ਵਿਚ ਗੇਮਾਂ ਖੇਡਣ ਦੀ ਆਦਤ ਛੁੱਟ ਜਾਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਬਹੁਤੀ ਦੇਰ ਇਕੱਲੇ ਨਾ ਛੱਡਣ ਸਗੋਂ ਉਨ੍ਹਾਂ ਨੂੰ ਸਮਾਂ ਤੇ ਸਾਥ ਦੇ ਕੇ ਬੱਚੇ ਨੂੰ ਮਾਨਸਿਕ ਤੌਰ ਮਜ਼ਬੂਤ ਬਣਾਉਣ। ਉਹ ਬੱਚੇ ਦੀ ਰੁੱਚੀ ਜਾਣਨ ਦੀ ਕੋਸ਼ਿਸ਼ ਕਰਨ, ਫਿਰ ਉਨ੍ਹਾਂ ਨੂੰ ਉਸ ਅਨੁਸਾਰ ਚੀਜ਼ਾਂ ਲਿਆ ਕੇ ਦੇਣ। ਬੱਚਿਆਂ ਨੂੰ ਮੋਬਾਈਲ ਗੇਮਿੰਗ ਤੋਂ ਖਹਿੜਾ ਛੁਡਾਉਣ ਲਈ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਅਤੇ ਬਾਹਰੀ ਖੇਡਾਂ ਖੇਡਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਵਿਹਲੇ ਸਮੇਂ ਵਿਚ ਬੱਚਿਆਂ ਨੂੰ ਉਨ੍ਹਾਂ ਦੇ ਮਨ ਪਸੰਦ ਦੀਆਂ ਕਿਰਿਆਵਾਂ ਜਿਵੇਂ ਡਰਾਇੰਗ, ਡਾਂਸ, ਪੇਂਟਿੰਗ,ਯੋਗਾ ਆਦਿ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਉਤਸ਼ਾਹ ਪੈਦਾ ਹੋਵੇ। ਸਮੇਂ ਸਮੇਂ ਤੇ ਮਾਪਿਆਂ ਨੂੰ ਆਪਣਾ ਮੋਬਾਈਲ ਪਾਸਵਰਡ ਬਦਲਦੇ ਰਹਿਣਾ ਚਾਹੀਦਾ ਹੈ। ਜੇ ਬੱਚਾ ਜ਼ਿੱਦ ਕਰਦਾ ਹੈ, ਤਾਂ ਉਸਨੂੰ ਦੂਜੀਆਂ ਚੀਜ਼ਾਂ ਵਿਚ ਰੁਝਾ ਕੇ ਮੋਬਾਈਲ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰੋ। ਪਲੇ ਸਟੋਰ ਵਰਗੀਆਂ ਐਪਸ ਤੋਂ ਆਪਣੇ ਬੈਂਕ ਖਾਤੇ ਨੂੰ ਨਾ ਜੋੜੋ। ਸਮੇਂ-ਸਮੇਂ ਤੇ ਉਨ੍ਹਾਂ ਦੇ ਮੋਬਾਈਲ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਪਤਾ ਲੱਗਦਾ ਰਹੇ ਕਿ ਬੱਚੇ ਕਿਹੜੀ ਕਿਹੜੀ ਐਪ ਜਾਂ ਗੇਮ ਦੀ ਵਰਤੋਂ ਕਰ ਰਹੇ ਹਨ। ਬੱਚਿਆਂ ਲਈ ਫ਼ੋਨ ਵਰਤਣ ਦਾ ਸਮਾਂ ਵੀ ਨਿਰਧਾਰਤ ਕਰਨਾ ਚਾਹੀਦਾ ਹੈ। ਇਹ ਨਿਸ਼ਚਿਤ ਕਰੋ ਕਿ ਬੱਚੇ ਦਿਨ ਵਿੱਚ 1-2 ਘੰਟੇ ਤੋਂ ਵੱਧ ਮੋਬਾਈਲ ਫ਼ੋਨ ਨਾ ਵਰਤਣ। ਫ਼ੋਨ ਵਿੱਚ 'ਪੇਰੈਂਟਲ ਕੰਟਰੋਲ' ਲਗਾ ਕੇ ਰੱਖੋ ਤਾਂ ਜੋ ਬੱਚੇ ਗਲਤ ਸਮੱਗਰੀ ਤੋਂ ਬਚੇ ਰਹਿਣ। ਇਸ ਤਰ੍ਹਾਂ ਮਾਪਿਆਂ ਵੱਲੋਂ ਵਰਤੀ ਗਈ ਚੌਕਸੀ ਤੇ ਥੋੜ੍ਹੀਆਂ ਜਿਹੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਬੱਚਿਆਂ ਨੂੰ ਇਸ ਮੋਬਾਈਲ ਗੇਮਿੰਗ ਵਰਗੀ ਭੈੜੀ ਆਦਤ ਤੋਂ ਬਚਾਇਆ ਜਾ ਸਕਦਾ ਹੈ। ਸਾਰੇ ਮਾਪਿਆਂ ਦਾ ਆਪਣੇ ਬੱਚਿਆਂ ਦੇ ਨਿਗਰਾਨ ਬਣ ਕੇ ਰਹਿਣਾ ਮੁੱਢਲਾ ਫਰਜ਼ ਹੁੰਦਾ ਹੈ ਤਾਂ ਜੋ ਉਹਨਾਂ ਦੇ ਮਾਰਗ ਦਰਸ਼ਕ ਬਣ ਕੇ ਉਨ੍ਹਾਂ ਨੂੰ ਇਹੋ ਜਿਹੀਆਂ ਭੈੜੀਆਂ ਆਦਤਾਂ ਵਿੱਚ ਪੈਣ ਤੋਂ ਬਚਾਇਆ ਜਾ ਸਕੇ ।ਕਦੇ ਨਾ ਭੁੱਲੋ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣਾ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਉਲਾਨਬਾਤਾਰ ਓਪਨ ਵਿੱਚ ਭਾਰਤ ਦਾ ਸ਼ਾਨਦਾਰ ਪਰਚਮ: 17 ਤਗਮਿਆਂ ਨਾਲ ਵਿਸ਼ਵ ਕੁਸ਼ਤੀ ਨੂੰ ਦਿੱਤਾ ਮਜ਼ਬੂਤ ਸੰਦੇਸ਼



ਭਾਰਤੀ ਕੁਸ਼ਤੀ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਅਧਿਆਇ ਉਸ ਸਮੇਂ ਜੁੜ ਗਿਆ ਜਦੋਂ ਭਾਰਤ ਨੇ ਮੰਗੋਲੀਆ ਦੀ ਰਾਜਧਾਨੀ ਉਲਾਨਬਾਤਾਰ ਵਿੱਚ ਹੋਈ ਪ੍ਰਤਿਸ਼ਠਿਤ ਰੈਂਕਿੰਗ ਸੀਰੀਜ਼ ਕੁਸ਼ਤੀ ਚੈਂਪੀਅਨਸ਼ਿਪ ਵਿੱਚ 17 ਤਗਮੇ ਜਿੱਤ ਕੇ ਆਪਣੀ ਮੁਹਿੰਮ ਦਾ ਸ਼ਾਨਦਾਰ ਅੰਤ ਕੀਤਾ। ਭਾਰਤੀ ਪਹਿਲਵਾਨਾਂ ਨੇ ਇਸ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਨਾ ਸਿਰਫ਼ ਤਗਮਿਆਂ ਦੀ ਝੜੀ ਲਗਾਈ, ਸਗੋਂ ਵਿਸ਼ਵ ਕੁਸ਼ਤੀ ਜਗਤ ਨੂੰ ਇਹ ਵੀ ਸੰਦੇਸ਼ ਦਿੱਤਾ ਕਿ ਭਾਰਤ ਆਉਣ ਵਾਲੇ ਵਿਸ਼ਵ ਚੈਂਪੀਅਨਸ਼ਿਪਾਂ, ਏਸ਼ੀਆਈ ਖੇਡਾਂ ਅਤੇ ਓਲੰਪਿਕ ਖੇਡਾਂ ਵਿੱਚ ਮਜ਼ਬੂਤ ਦਾਅਵੇਦਾਰ ਬਣ ਕੇ ਉਭਰ ਰਿਹਾ ਹੈ।

ਸਮਾਜ ਵੀਕਲੀ ਨਿਊਜ਼

ਉਲਾਨਬਾਤਾਰ ਓਪਨ ਵਿਸ਼ਵ ਕੁਸ਼ਤੀ ਕੈਲੰਡਰ ਦੀ ਇੱਕ ਮਹੱਤਵਪੂਰਨ ਰੈਂਕਿੰਗ ਸੀਰੀਜ਼ ਪ੍ਰਤੀਯੋਗਿਤਾ ਹੈ, ਜਿਸ ਵਿੱਚ ਦੁਨੀਆ ਦੇ ਕਈ ਚੋਟੀ ਦੇ ਪਹਿਲਵਾਨ ਭਾਗ ਲੈਂਦੇ ਹਨ। ਇਸ ਟੂਰਨਾਮੈਂਟ ਵਿੱਚ ਪ੍ਰਾਪਤ ਕੀਤੇ ਅੰਕ ਖਿਡਾਰੀਆਂ ਦੀ ਅੰਤਰਰਾਸ਼ਟਰੀ ਰੈਂਕਿੰਗ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਵੱਡੇ ਮੁਕਾਬਲਿਆਂ ਵਿੱਚ ਬਿਹਤਰ ਸੀਡਿੰਗ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ। ਅਜਿਹੇ ਮਹੱਤਵਪੂਰਨ ਮੰਚ ’ਤੇ ਭਾਰਤੀ ਪਹਿਲਵਾਨਾਂ ਦਾ ਦਬਦਬਾ ਦੇਸ਼ ਦੀ ਖੇਡ ਪ੍ਰਗਤੀ ਦਾ ਪ੍ਰਤੀਕ ਹੈ।

### ਪੁਰਸ਼ ਫ੍ਰੀਸਟਾਈਲ ਵਿੱਚ ਦਿਖੀ ਭਾਰਤੀ ਤਾਕਤ

ਮੁਕਾਬਲੇ ਦੇ ਆਖ਼ਰੀ ਦਿਨ ਭਾਰਤੀ ਪੁਰਸ਼ ਫ੍ਰੀਸਟਾਈਲ ਪਹਿਲਵਾਨਾਂ ਨੇ ਕਮਾਲ ਦਾ ਪ੍ਰਦਰਸ਼ਨ ਕਰਦਿਆਂ ਤਿੰਨ ਸੋਨ ਤਗਮੇ ਆਪਣੇ ਨਾਮ ਕੀਤੇ। 61 ਕਿਲੋਗ੍ਰਾਮ ਵਰਗ ਵਿੱਚ ਦੀਪਕ ਨੇ ਆਪਣੇ ਦਾਅ-ਪੇਚਾਂ ਅਤੇ ਸ਼ਾਨਦਾਰ ਫੁਰਤੀ ਨਾਲ ਵਿਰੋਧੀਆਂ ਨੂੰ ਮਾਤ ਦਿੱਤੀ। 74 ਕਿਲੋਗ੍ਰਾਮ ਵਰਗ ਵਿੱਚ ਸਾਗਰ ਜਗਲਾਨ ਨੇ ਪੂਰੇ ਟੂਰਨਾਮੈਂਟ ਦੌਰਾਨ ਪ੍ਰਭਾਵਸ਼ਾਲੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸੋਨ ਤਗਮਾ ਜਿੱਤਿਆ। ਇਸੇ ਤਰ੍ਹਾਂ 125 ਕਿਲੋਗ੍ਰਾਮ ਭਾਰ ਵਰਗ ਵਿੱਚ ਦਿਨੇਸ਼ ਨੇ ਆਪਣੀ ਤਾਕਤ ਅਤੇ ਤਕਨੀਕੀ ਹੁਨਰ ਦਾ ਲੋਹਾ ਮਨਵਾਉਂਦਿਆਂ ਚੋਟੀ ਦਾ ਸਥਾਨ ਹਾਸਲ ਕੀਤਾ।

ਇਨ੍ਹਾਂ ਜਿੱਤਾਂ ਨੇ ਸਾਬਤ ਕੀਤਾ ਕਿ ਭਾਰਤ ਕੋਲ ਹਰ ਭਾਰ ਵਰਗ ਵਿੱਚ ਪ੍ਰਤਿਭਾਸ਼ਾਲੀ ਪਹਿਲਵਾਨਾਂ ਦੀ ਇੱਕ ਮਜ਼ਬੂਤ ਲੜੀ ਮੌਜੂਦ ਹੈ, ਜੋ ਅੰਤਰਰਾਸ਼ਟਰੀ ਪੱਧਰ ’ਤੇ ਕਿਸੇ ਵੀ ਵਿਰੋਧੀ ਨੂੰ ਚੁਣੌਤੀ ਦੇ ਸਕਦੀ ਹੈ।

ਮਹਿਲਾ ਪਹਿਲਵਾਨਾਂ ਨੇ ਵਧਾਇਆ ਦੇਸ਼ ਦਾ ਮਾਣ

ਪਿਛਲੇ ਕੁਝ ਸਾਲਾਂ ਵਿੱਚ ਭਾਰਤੀ ਮਹਿਲਾ ਕੁਸ਼ਤੀ ਨੇ ਜਿਹੜੀ ਤਰੱਕੀ ਕੀਤੀ ਹੈ, ਉਸਦੀ ਝਲਕ ਉਲਾਨਬਾਤਾਰ ਓਪਨ ਵਿੱਚ ਵੀ ਦੇਖਣ ਨੂੰ ਮਿਲੀ। 57 ਕਿਲੋਗ੍ਰਾਮ ਵਰਗ ਵਿੱਚ ਮਨੀਸ਼ਾ, 59 ਕਿਲੋਗ੍ਰਾਮ ਵਰਗ ਵਿੱਚ ਨੇਹਾ ਅਤੇ 76 ਕਿਲੋਗ੍ਰਾਮ ਵਰਗ ਵਿੱਚ ਕਾਜਲ ਨੇ ਸੋਨ ਤਗਮੇ ਜਿੱਤ ਕੇ ਭਾਰਤ ਦੀ ਝੋਲੀ ਵਿੱਚ ਕੀਮਤੀ ਸਫਲਤਾਵਾਂ ਪਾਈਆਂ।

ਮਹਿਲਾ ਖਿਡਾਰੀਆਂ ਦੀ ਇਹ ਸਫਲਤਾ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਵਿੱਚ ਕੁੜੀਆਂ ਲਈ ਖੇਡਾਂ ਦੇ ਮੌਕੇ ਵਧੇ ਹਨ ਅਤੇ ਉਹ ਹਰ ਅੰਤਰਰਾਸ਼ਟਰੀ ਮੰਚ ’ਤੇ ਭਾਰਤ ਦਾ ਮਾਣ ਵਧਾ ਰਹੀਆਂ ਹਨ। ਪਿੰਡਾਂ ਅਤੇ ਛੋਟੇ ਸ਼ਹਿਰਾਂ ਤੋਂ ਆਉਣ ਵਾਲੀਆਂ ਇਹ ਖਿਡਾਰਣਾਂ ਅੱਜ ਦੇਸ਼ ਦੀਆਂ ਲੱਖਾਂ ਧੀਆਂ ਲਈ ਪ੍ਰੇਰਣਾ ਬਣ ਰਹੀਆਂ ਹਨ।

### ਗ੍ਰੀਕੋ-ਰੋਮਨ ਵਿੱਚ ਵੀ ਲਹਿਰਾਇਆ ਤਿਰੰਗਾ

ਭਾਰਤੀ ਕੁਸ਼ਤੀ ਨੂੰ ਆਮ ਤੌਰ ’ਤੇ ਫ੍ਰੀਸਟਾਈਲ ਨਾਲ ਜੋੜਿਆ ਜਾਂਦਾ ਹੈ, ਪਰ ਉਲਾਨਬਾਤਾਰ ਓਪਨ ਵਿੱਚ ਗ੍ਰੀਕੋ-ਰੋਮਨ ਵਰਗ ਦੇ ਪਹਿਲਵਾਨਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। 87 ਕਿਲੋਗ੍ਰਾਮ ਵਰਗ ਵਿੱਚ ਸੁਨੀਲ ਅਤੇ 97 ਕਿਲੋਗ੍ਰਾਮ ਵਰਗ ਵਿੱਚ ਨਿਤੇਸ਼ ਨੇ ਸੋਨ ਤਗਮੇ ਜਿੱਤ ਕੇ ਇਹ ਸਾਬਤ ਕੀਤਾ ਕਿ ਭਾਰਤ ਹੁਣ ਇਸ ਸ਼੍ਰੇਣੀ ਵਿੱਚ ਵੀ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।

ਇਹ ਉਪਲਬਧੀ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਗ੍ਰੀਕੋ-ਰੋਮਨ ਕੁਸ਼ਤੀ ਵਿੱਚ ਯੂਰਪੀ ਦੇਸ਼ਾਂ ਦਾ ਦਬਦਬਾ ਮੰਨਿਆ ਜਾਂਦਾ ਹੈ। ਅਜਿਹੇ ਵਿੱਚ ਭਾਰਤੀ ਪਹਿਲਵਾਨਾਂ ਵੱਲੋਂ ਸੋਨ ਤਗਮੇ ਜਿੱਤਣਾ ਦੇਸ਼ ਲਈ ਮਾਣ ਵਾਲੀ ਗੱਲ ਹੈ।

### 17 ਤਗਮਿਆਂ ਦੀ ਉਪਲਬਧੀ ਕਿਉਂ ਹੈ ਖਾਸ?

ਕੁੱਲ 17 ਤਗਮੇ ਜਿੱਤਣਾ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਇਹ ਭਾਰਤੀ ਕੁਸ਼ਤੀ ਦੇ ਵਧਦੇ ਪੱਧਰ ਦਾ ਪ੍ਰਮਾਣ ਹੈ। ਇਹ ਸਫਲਤਾ ਦਰਸਾਉਂਦੀ ਹੈ ਕਿ ਭਾਰਤ ਕੋਲ ਹੁਣ ਸਿਰਫ਼ ਕੁਝ ਸਟਾਰ ਪਹਿਲਵਾਨ ਹੀ ਨਹੀਂ, ਸਗੋਂ ਵੱਡੀ ਗਿਣਤੀ ਵਿੱਚ ਅਜਿਹੇ ਖਿਡਾਰੀ ਹਨ ਜੋ ਵਿਸ਼ਵ ਪੱਧਰ ’ਤੇ ਤਗਮੇ ਜਿੱਤਣ ਦੀ ਸਮਰੱਥਾ ਰੱਖਦੇ ਹਨ।

ਇਹ ਨਤੀਜੇ ਭਾਰਤੀ ਕੋਚਾਂ, ਸਹਾਇਕ ਸਟਾਫ਼, ਖੇਡ ਵਿਗਿਆਨੀਆਂ ਅਤੇ ਖੇਡ ਸੰਸਥਾਵਾਂ ਦੀ ਸਾਂਝੀ ਮਿਹਨਤ ਦਾ ਵੀ ਨਤੀਜਾ ਹਨ। ਆਧੁਨਿਕ ਸਿਖਲਾਈ ਤਰੀਕਿਆਂ, ਪੋਸ਼ਣ ਯੋਜਨਾਵਾਂ ਅਤੇ ਅੰਤਰਰਾਸ਼ਟਰੀ ਤਿਆਰੀ ਕੈਂਪਾਂ ਨੇ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ।

### ਭਵਿੱਖ ਲਈ ਸ਼ੁਭ ਸੰਕੇਤ

ਉਲਾਨਬਾਤਾਰ ਓਪਨ ਵਿੱਚ ਮਿਲੀ ਇਹ ਸਫਲਤਾ ਭਾਰਤੀ ਕੁਸ਼ਤੀ ਲਈ ਭਵਿੱਖ ਦੇ ਵੱਡੇ ਟੂਰਨਾਮੈਂਟਾਂ ਤੋਂ ਪਹਿਲਾਂ ਇੱਕ ਵੱਡਾ ਹੌਸਲਾ ਹੈ। ਵਿਸ਼ਵ ਚੈਂਪੀਅਨਸ਼ਿਪ, ਏਸ਼ੀਆਈ ਖੇਡਾਂ ਅਤੇ ਓਲੰਪਿਕ ਕੁਆਲੀਫਿਕੇਸ਼ਨ ਵਰਗੇ ਮਹੱਤਵਪੂਰਨ ਮੁਕਾਬਲਿਆਂ ਤੋਂ ਪਹਿਲਾਂ ਇਹ ਨਤੀਜੇ ਭਾਰਤੀ ਦਲ ਦਾ ਮਨੋਬਲ ਵਧਾਉਣਗੇ।

ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਭਾਰਤੀ ਪਹਿਲਵਾਨ ਇਸੇ ਤਰ੍ਹਾਂ ਦਾ ਪ੍ਰਦਰਸ਼ਨ ਜਾਰੀ ਰੱਖਦੇ ਹਨ ਤਾਂ ਆਉਣ ਵਾਲੇ ਸਾਲਾਂ ਵਿੱਚ ਭਾਰਤ ਵਿਸ਼ਵ ਕੁਸ਼ਤੀ ਦੀਆਂ ਮਹਾਸ਼ਕਤੀਆਂ ਵਿੱਚ ਸ਼ਾਮਲ ਹੋ ਸਕਦਾ ਹੈ। ਉਲਾਨਬਾਤਾਰ ਦੀ ਧਰਤੀ ’ਤੇ ਤਿਰੰਗੇ ਦੀ ਇਹ ਸ਼ਾਨਦਾਰ ਉਡਾਣ ਭਾਰਤੀ ਖੇਡ ਇਤਿਹਾਸ ਵਿੱਚ ਲੰਬੇ ਸਮੇਂ ਤੱਕ ਯਾਦ ਰੱਖੀ ਜਾਵੇਗੀ।

17 ਤਗਮਿਆਂ ਦੀ ਇਹ ਗੂੰਜ ਸਿਰਫ਼ ਮੰਗੋਲੀਆ ਤੱਕ ਸੀਮਤ ਨਹੀਂ ਰਹੀ, ਸਗੋਂ ਇਸ ਨੇ ਪੂਰੇ ਦੇਸ਼ ਨੂੰ ਮਾਣ ਅਤੇ ਖੁਸ਼ੀ ਨਾਲ ਭਰ ਦਿੱਤਾ ਹੈ। ਇਹ ਸਫਲਤਾ ਦੱਸਦੀ ਹੈ ਕਿ ਭਾਰਤੀ ਕੁਸ਼ਤੀ ਦਾ ਭਵਿੱਖ ਉੱਜਵਲ ਹੈ ਅਤੇ ਵਿਸ਼ਵ ਮੰਚ ’ਤੇ ਤਿਰੰਗਾ ਹੋਰ ਉੱਚਾ ਲਹਿਰਾਉਣ ਲਈ ਤਿਆਰ ਹੈ।

-



**ਨਵਨੀਤ ਸਿੰਘ,**
**9814509900**

# ਹਾਸ-ਵਿਅੰਗ: ਕਮੇਟੀਆਂ ਅਤੇ ਉਪ-ਕਮੇਟੀਆਂ

'ਕਮੇਟੀ' ਦੀ ਪਰਿਭਾਸ਼ਾ, ਸਧਾਰਨ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਮਾਮਲੇ 'ਤੇ ਵਿਚਾਰ ਕਰਨ ਜਾਂ ਕਾਰਵਾਈ ਕਰਨ ਲਈ, ਨਿਯੁਕਤ ਜਾਂ ਚੁਣੇ ਗਏ ਵਿਅਕਤੀਆਂ ਦਾ ਸਮੂਹ। ਇਹ ਇੱਕ ਮੈਂਬਰੀ ਹੋ ਸਕਦੀ ਹੈ ਜਾਂ ਬਹੁ-ਮੈਂਬਰੀ ਵੀ।

ਇਸ ਸੰਦਰਭ ਵਿੱਚ ਮੈਨੂੰ ਪ੍ਰਸਿੱਧ ਉਰਦੂ ਸ਼ਾਇਰ ਅਕਬਰ ਇਲਾਹਾਬਾਦੀ ਯਾਦ ਆ ਗਏ, ਜਿਨ੍ਹਾਂ ਨੇ ਕਮੇਟੀ ਸ਼ਬਦ 'ਤੇ ਚੰਗੀ ਖੋਜ ਕੀਤੀ ਹੈ। ਉਨ੍ਹਾਂ ਅਨੁਸਾਰ ਕਮੇਟੀ ਦਾ ਅਰਥ ਹੈ "ਬਿਆਦ ਖੋਰ" ਭਾਵ- ਆਓ 'ਤੇ ਖਾਓ। ਇਹ ਉਨ੍ਹਾਂ ਦਾ ਤਰਕ ਹੈ ਕਿ ਕਮੇਟੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਬਣਿਆ ਹੈ। ਇੱਕ ਹੈ 'ਆਉ' ਅਤੇ ਦੂਜਾ 'ਖਾਉ' ਹੈ। ਮੈਂ, ਮਰਹੂਮ ਅਕਬਰ ਇਲਾਹਾਬਾਦੀ ਦੀ ਇਸ ਪਰਿਭਾਸ਼ਾ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ।

ਕਮੇਟੀ ਦੀ ਅਜਿਹੀ ਸੰਖੇਪ ਅਤੇ ਉਪਯੋਗੀ ਪਰਿਭਾਸ਼ਾ ਤੋਂ ਬਾਅਦ, ਇਸ ਦੀਆਂ ਅਣਗਿਣਤ ਕਿਸਮਾਂ ਸੁਣੀਆਂ ਤੇ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਕਿੱਥੋਂ ਤੱਕ ਗਿਣਿਆ ਜਾ ਸਕਦਾ ਹੈ, ਇਹ ਤਾਂ ਬਹੁਤ ਵੱਡਾ ਕਾਰਜ ਹੈ— ਨਾ-ਮੁਮਕਨ ਕਾਰਜ। ਅਸੰਖ ਨਾਉਂ, ਅਸੰਖ ਥਾਂਵ। ਪਰ ਫਿਰ ਵੀ ਕੁੱਝ ਕੁ ਨਾਂਅ ਲੈ ਲੈਂਦੇ ਹਾਂ, ਜਿਵੇਂ— ਪ੍ਰਬੰਧਕੀ ਕਮੇਟੀ, ਭਲਾਈ ਕਮੇਟੀ, ਪ੍ਰਦਰਸ਼ਨੀ ਕਮੇਟੀ, ਵਿੱਤ ਕਮੇਟੀ, ਕਾਨੂੰਨ ਕਮੇਟੀ, ਆਰਥਿਕ ਕਮੇਟੀ, ਉਪ-ਕਮੇਟੀ, ਨੀਤੀ ਕਮੇਟੀ, ਖੇਤਰੀ ਕਮੇਟੀ, ਮਜ਼ਦੂਰ ਕਮੇਟੀ, ਨਗਰ ਕਮੇਟੀ, ਸ਼ਹਿਰੀ ਕਮੇਟੀ, ਜ਼ਿਲ੍ਹਾ ਕਮੇਟੀ, ਸੂਬਾ ਕਮੇਟੀ, ਵਿਸ਼ੇਸ਼ ਜਾਂਚ ਕਮੇਟੀ, ਸਥਾਈ ਕਮੇਟੀ, ਦਾਨ-ਪੁੰਨ ਕਮੇਟੀ, ਸਿੱਖਿਆ ਕਮੇਟੀ, ਨਾਟਕ ਕਮੇਟੀ, ਕਵੀ ਦਰਬਾਰ ਕਮੇਟੀ, ਰਸਾਲਾ ਕਮੇਟੀ, ਧਾਰਮਿਕ ਕਮੇਟੀ, ਗੋਲਕ ਕਮੇਟੀ, ਪੱਕੀ ਕਮੇਟੀ, ਕੱਚੀ ਕਮੇਟੀ, ਆਵਾਰਾ ਕੁੱਤੇ ਨਸਬੰਦੀ ਕਮੇਟੀ, ਆਦਿ।

ਸਮਝ ਲਵੋ ਕਿ ਅੱਜ-ਕੱਲ੍ਹ, ਤੁਹਾਡੇ ਸਿਰ 'ਤੇ ਉੱਗੇ ਵਾਲਾਂ ਨਾਲੋਂ ਬਹੁਤੀਆਂ ਕਮੇਟੀਆਂ ਬਣੀਆਂ ਹੋਈਆਂ ਹਨ। ਮਾਫ਼ ਕਰਨਾ, ਮੈਂ ਤੁਹਾਡੇ ਸਿਰ ਦੇ ਵਾਲਾਂ ਦੀ ਉਦਾਹਰਨ ਦਿੱਤੀ ਹੈ ਕਿਉਂਕਿ ਕਮੇਟੀਆਂ ਦੀ ਗਿਣਤੀ ਮੇਰੇ ਸਿਰ ਦੇ ਵਿਰਲੇ ਵਾਲਾਂ ਤੋਂ ਤਾਂ ਕਿਤੇ ਹਜ਼ਾਰ ਗੁਣਾ ਵੱਧ ਹੈ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਤਾਂ ਕੁੱਝ ਕਮੇਟੀਆਂ ਦੇ ਢਿੱਲੇ-ਮੱਠੇ ਜੋਸ਼ ਨੂੰ ਦੇਖਕੇ, ਹੋਰ ਉਪ-ਕਮੇਟੀਆਂ ਕਾਇਮ ਕਰ ਦਿੱਤੀਆਂ ਜਾਂਦੀਆਂ ਹਨ। ਮਿਸਾਲ ਵਜੋਂ, ਉਸਾਰੀ ਕਮੇਟੀ ਦੇ ਟੁੱਟਣ 'ਤੇ ਤਬਾਹੀ ਕਮੇਟੀ, ਸ਼ਾਂਤੀ ਕਮੇਟੀ ਦੇ ਮੁਕਾਬਲੇ ਦੰਗਾ ਕਮੇਟੀ, ਕਾਨੂੰਨੀ ਕਮੇਟੀ ਦੇ ਜਵਾਬ ਵਿੱਚ ਗ਼ੈਰ-ਕਾਨੂੰਨੀ ਕਮੇਟੀ, ਜਥੇਬੰਦਕ ਕਮੇਟੀ, ਹੜਤਾਲ ਕਮੇਟੀ, ਆਦਿ।



ਸੁਰਜੀਤ ਸਿੰਘ ਭੁੱਲਰ

ਹੈਰਾਨੀ ਦੀ ਗੱਲ ਹੈ ਕਿ ਕਈ ਵਾਰ ਮੌਸਮ ਅਨੁਕੂਲ ਹੋਣ 'ਤੇ ਸੈਰ-ਸਪਾਟਾ ਕਮੇਟੀ ਵੀ ਹੋਂਦ ਵਿੱਚ ਆ ਜਾਂਦੀ ਹੈ— ਤੇ ਮੌਕਾ-ਖੋਰ ਆਪਣੇ 'ਯਾਰਾਂ' ਨਾਲ ਪਹਾੜਾਂ ਦੇ ਨਜ਼ਾਰੇ ਲੈਂਦੇ ਹਨ। ਪਰ, ਹੈਰਾਨੀ ਦੀ ਗੱਲ ਇਹ ਹੈ ਕਿ ਅਜਿਹੀਆਂ ਕਮੇਟੀਆਂ ਦੀਆਂ ਮੀਟਿੰਗਾਂ ਅਤੇ ਸਮਝੌਤੇ ਗੁਪਤ ਰੱਖੇ ਜਾਂਦੇ ਹਨ। ਜੇਕਰ ਤੁਸੀਂ ਇਹਨਾਂ ਕਮੇਟੀਆਂ ਦੀਆਂ ਗੁਪਤ ਗਤੀਵਿਧੀਆਂ ਦਾ ਪਤਾ ਲਾਉਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਤੁਹਾਨੂੰ ਗੁਪਤ ਸੂਤਰਾਂ ਦੀਆਂ ਸੇਵਾਵਾਂ ਲੈਣੀਆਂ ਪੈਣਗੀਆਂ। ਇਨ੍ਹਾਂ ਕਮੇਟੀਆਂ ਦੇ 'ਬੰਦ ਡੱਬਿਆਂ' 'ਚੋਂ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਦਾ।

ਕਈ ਕਮੇਟੀਆਂ ਦੀ ਚਾਲ, ਜਾਣ-ਬੁੱਝ ਕੇ ਵੀ ਧੀਮੀ ਗਤੀ ਵਿੱਚ ਰੱਖੀ ਜਾਂਦੀ ਹੈ, ਤਾਂ ਜੋ ਉਹ ਬਣਨ ਤੋਂ ਬਾਅਦ, ਸਰਕਾਰ ਨੂੰ ਲੱਖਾਂ ਰੁਪਈਆਂ ਦਾ ਚੂਨਾ ਲਾਉਂਦੀਆਂ ਰਹਿਣ। ਇਹ ਆਪਣੇ ਚਹੇਤਿਆਂ ਲਈ ਚਾਲੂ ਰੱਖੀਆਂ ਜਾਂਦੀਆਂ ਹਨ। ਕਿਸੇ ਦੇ ਭਲੇ ਵਿੱਚ, ਜੇ ਆਪਣਾ ਭਲਾ ਹੋਵੇ ਤਾਂ ਹੋਰ ਕੀ ਚਾਹੀਦਾ ਹੈ? ਇਨ੍ਹਾਂ ਬਾਰੇ ਇੱਕ ਗੱਲ ਯਾਦ ਆਈ ਹੈ ਕਿ ਜੇ ਕਮੇਟੀ ਦਾ ਕੋਈ ਮੈਂਬਰ, ਰੱਬ ਦੀ ਮਿਹਰ ਨਾਲ ਚਲਾਣਾ ਕਰ ਜਾਏ ਤਾਂ ਵੀ ਉਹ ਕਮੇਟੀ ਜਿਉਂਦੀ ਰਹਿੰਦੀ ਹੈ। ਅਤੇ ਕਈ ਵਾਰੀ, ਇਹ ਵੀ ਦੇਖਣ ਵਿੱਚ ਆਇਆ ਹੈ ਕਿ ਅਜੇ ਮੈਂਬਰ ਜਿਉਂਦੇ ਹੁੰਦੇ ਹਨ ਪਰ ਕਮੇਟੀ ਮਰ ਗਈ ਹੁੰਦੀ ਹੈ। ਇਸ ਤਰ੍ਹਾਂ ਸਮੁੱਚੇ ਤੌਰ 'ਤੇ ਨਤੀਜਿਆਂ ਦਾ ਪ੍ਰਭਾਵ ਉਹੀ ਰਹਿੰਦਾ ਹੈ, ਜੋ ਇਨ੍ਹਾਂ ਦੇ ਨਿਰਮਾਤਾ ਚਾਹੁਣ। ਪਰ ਇਕ ਗੱਲ ਪੱਕੀ ਹੈ ਕਿ ਬਹੁਤੀਆਂ ਕਮੇਟੀਆਂ ਦੇ ਮਾਇਕ ਭੰਡਾਰੇ ਦਾ ਫੁਹਾਰਾ ਨਿਰਵਿਘਨ ਚੱਲਦਾ ਰਹਿੰਦਾ ਹੈ ਅਤੇ ਵਾਤ-ਅਨੁਕੂਲਨ ਦੇ ਸਿਧਾਂਤ 'ਤੇ ਕੰਮ ਕਰਦਾ ਹੈ— ਗਰਮੀ 'ਚ ਠੰਡਕ ਤੇ ਸਰਦੀ 'ਚ ਗਰਮਾਹਟ। ਦੋਵੇਂ ਹੱਥੀਂ ਲੱਡੂ।

ਮੇਰੇ ਇੱਕ ਮਿੱਤਰ ਨੇ ਕੁਝ ਮੈਂਬਰਾਂ ਦੀ ਕਾਰਗੁਜ਼ਾਰੀ 'ਤੇ ਹਲਕਾ ਜਿਹਾ ਚਾਨਣਾ ਪਾਇਆ ਹੈ: ਉਹ ਦੱਸਦਾ ਹੈ ਕਿ ਕਈ ਕਮੇਟੀ ਮੈਂਬਰ ਸਾਹਿਬਾਨ, ਦਫਤਰ 'ਚ ਇੱਕ-ਦੂਜੇ ਦੇ ਨਾਲ ਜੁੜ-ਜੁੜ ਬੈਠਕੇ, ਘੰਟਿਆਂ ਬੱਧੀ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਰਹਿੰਦੇ ਹਨ। ਖ਼ੂਬ ਗੱਪ-ਛੱਪ ਮਾਰਦੇ ਹਨ। ਪੇਟ ਪਾਪੀ ਰੱਜਵੀਂ ਪੂਜਾ ਕਰਵਾ ਕੇ ਅਤੇ ਆਪਣੇ ਮਿਹਨਤਾਨੇ ਦਾ ਮੁੱਲ ਲੈ ਕੇ, ਸਰਕਾਰੀ ਕਾਰ 'ਚ ਵਾਪਸੀ ਪਾ ਲੈਂਦੇ ਹਨ ਅਤੇ ਅਸਲ ਸਮੱਸਿਆ ਦਾ ਹੱਲ ਅਗਲੀ ਮੀਟਿੰਗ ਤੇ ਪਾ ਦਿੱਤਾ ਜਾਂਦਾ ਹੈ।

ਕਮੇਟੀਆਂ ਅਤੇ ਉਪ-ਕਮੇਟੀਆਂ ਅੱਜ ਦੁਨੀਆ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਸਮੱਸਿਆਵਾਂ ਨੂੰ ਨਜਿੱਠਦੀਆਂ ਹਨ। ਇਹ ਆਪਣੇ ਕੰਮ-ਕਾਰ ਦੇ ਦਾਇਰੇ ਵਿੱਚ ਰਹਿ ਕੇ ਗੁੰਝਲਦਾਰ ਜਾਂ ਸਾਧਾਰਨ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਗਿਆਨਕ ਅਤੇ ਯੋਜਨਾਬੱਧ ਢੰਗ ਅਪਣਾਉਂਦੀਆਂ ਦਿਖਾਈ ਦਿੰਦੀਆਂ ਹਨ ਪਰ ਅੰਦਰ-ਖਾਤੇ, ਸਰਕਾਰ ਵਾਂਗ ਕੰਮ ਨੂੰ ਲਟਕਾਉਣ ਵਿੱਚ ਮਾਹਿਰ ਹੁੰਦੀਆਂ ਹਨ ਅਤੇ ਕਈ ਵਾਰ ਸਰਕਾਰ, ਇਨ੍ਹਾਂ ਦੇ ਸਿਰ ਤੇ ਹੀ ਆਪਣੀ ਮਿਆਦ ਪੂਰੀ ਕਰ ਜਾਂਦੀ ਹੈ।

ਮੇਰਾ ਖ਼ਿਆਲ ਹੈ ਕਿ ਤੁਹਾਡੇ ਦਿਮਾਗ਼ ਵਿੱਚ ਵੀ ਕਮੇਟੀਆਂ ਦੇ ਅਣਗਿਣਤ ਨਾਉਂ ਘੁੰਮ ਰਹੇ ਹੋਣਗੇ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਦਾ ਤੁਹਾਨੂੰ ਬਹੁਤ ਗਿਆਨ ਹੋਵੇਗਾ। ਚਾਹੋਂ ਤਾਂ ਸਾਂਝਾ ਕਰ ਸਕਦੇ ਹੋ।

ਆਮੀਨ! ਕਮੇਟੀਆਂ ਦਾ ਰੱਬ ਰਾਖਾ।

-੦-

# (ਹਮਰੀ ਜੀਵਨ ਸਾਥਣ)

ਮੇਰੀ ਜੀਵਨ ਸਾਥਣ ਬਹੁਤ ਚੰਗੀ, ਜ਼ਿੰਦਗੀ ਬਹੁਤ ਵਧੀਆ ਲੰਘੀ। ਕਹਿੰਦੀ ਨਾ ਕਦੇ ਚੰਗੀ ਨਾ ਮੰਦੀ। ਅੰਗਰੇਜ਼ੀ ਭਾਵੇਂ ਘੱਟ ਆਉਂਦੀ,ਹਰ ਗੱਲ ਤੇ ਨਜ਼ਰਸਾਨੀ ਹੁੰਦੀ ਰਹਿੰਦੀ। ਤੇਰੇ ਲੜ ਲੱਗੀਆਂ ਮੈਂ ਲੱਗੀਆਂ ਨਿਭਾਵਾਂਗੀ। ਬਹੁਤਾ ਜੇ ਟੱਪੇਂਗਾ ਨਾਸੀਂ ਧੂਆਂ ਲਿਆਵਾਂਗੀ। ਮੇਰੇ ਸੋਹਣਿਆ ਵਾਰੀ ਤੇਥੋਂ ਜਾਵਾਂਗੀ। ਜੇ ਮੈਂ ਭੂਗੋਲ ਦੀ ਮਾਸਟਰੀ ਕੀਤੀ, ਉਸਨੇ ਵੀ ਪੰਜਾਬੀ ਦੀ ਗਿਆਨੀ ਹੈ ਕੀਤੀ। ਨੋਕ ਝੋਂਕ ਕਰਨ ਦੀ ਆਦਤ ਹੈ ਔਰਤਾਂ ਵਰਗੀ। ਕਈ ਵਾਰ ਉਸ ਦੀਆਂ ਦਲੀਲਾਂ ਤੇ ਮੈਨੂੰ ਹੁੰਦੀ ਹਮਦਰਦੀ।ਜੇ ਮੈਂ ਭੂਗੋਲ ਦਾ ਮਾਹਿਰ,ਉਹ ਵੀ ਗੁਰੂਆਂ ਦੇ ਇਤਿਹਾਸ ਦੀ ਕਰੇ ਤਰਜਮਾਨੀ।ਮੇਰੇ ਤੇ ਰਹਿੰਦੀ "ਹਮਰੀ ਜੀਵਨ ਸਾਥਣ" ਦੀ ਮਿਹਰਬਾਨੀ।

ਕੁਦਰਤ ਦਾ ਅਸੂਲ ਵੀ ਇਹੋ ਕਹਿੰਦਾ, ਚਲੋ ਬਣਾ ਕੇ ਸਮਤੋਲ। ਛੋਟੇ ਮੋਟੇ ਮਨ ਮੁਟਾਵ, ਚਲਦੇ ਰਹਿੰਦੇ, ਬੋਲੋ ਨਾ ਬੋਲ ਕੁਬੋਲ। ਸੋਚ ਸਮਝ ਕੇ ਸ਼ਬਦਾਂ ਦੀ ਵਰਤੋਂ ਕਰੋ, ਬੋਲੋ ਨਾ ਕਦੇ ਮੰਦੀ। ਲੰਘਿਆ ਵੇਲਾ ਹੱਥ ਨਾ ਆਉਂਦਾ, ਪਛਤਾਵੇ ਨਾਲ ਵੀ ਖ਼ਲਾਸੀ ਨੀ ਹੁੰਦੀ। ਬੱਚਿਆਂ ਤੇ ਵੀ ਬੁਰਾ ਪ੍ਰਭਾਵ ਹੈ ਪੈਂਦਾ, ਪੂਰੇ ਟੱਬਰ ਨੂੰ ਜਿਲ੍ਹਣ ਵਿੱਚੋਂ ਗੁਜਰਨਾ ਪੈਂਦਾ। ਪੇਕਿਆਂ ਦਾ ਰੋਅਬ ਦਿਖਾਉਂਦੀ। ਸਾਹਿਬਾਂ ਵਾਂਗੂੰ ਰਹੇ ਡਰਾਉਂਦੀ। ਜੇ ਇੱਕ ਉੱਚਾ ਕਹਾਵੇ, ਦੂਸਰੀ ਧਿਰ ਨੀਵੀਂ ਹੋ ਜਾਵੇ, ਫਿਰ ਇਹੀ ਜਨਮ ਸਵਰਗ ਬਣ ਜਾਵੇ। "ਹਮਰੀ ਜੀਵਨ ਸਾਥਣ" ਵੀ ਖੁਸ਼ ਹੋ ਜਾਵੇ। ਸਾਰਾ ਦਿਨ ਚਿੜ ਚਿੜ ਕਰਦੀ ਹੈ, ਅਸੀਂ ਫਿਰ ਵੀ ਉਸ ਨੂੰ ਜਰਦੇ ਹਾਂ। ਅਪਣਾ ਆਪ ਹਵਾਲੇ ਕਰਕੇ ਉਸਦੇ,



ਉਸ ਦੀਆਂ ਅਦਾਵਾਂ ਤੇ ਮਰਦੇ ਹਾਂ। ਬੰਦਿਆ ਝੁੱਕਣ ਦੇ ਵਿੱਚ ਕੀ ਮੁੱਲ ਲੱਗਦਾ, ਬੁੱਲੇ ਨੇ ਕਿਹੜਾ ਸ਼ਾਹ ਹੋ ਜਾਣਾ ? ਮਹਿਲ ਮਾੜੀਆਂ ਸਭ ਰਹਿ ਜਾਣੇ ਇੱਥੇ, ਨਾਲ ਕੁਝ ਨਹੀਂ ਲੈ ਜਾਣਾ। ਪੰਜ ਭੂਤਕ ਸਰੀਰ ਵੀ ਅੱਗ ਵਿੱਚ ਸੜਕੇ ਰਾਖ ਹੋ ਜਾਣਾ। ਔਰਤ ਨੂੰ ਦੇਵੀ ਦਾ ਦਰਜਾ ਦਿੱਤਾ, ਸਾਡੇ ਵੱਡੇ ਵਡੇਰਿਆਂ ਨੇ। ਦੁਰਗਤ ਕਰਨ ਦੀ ਕਸਰ ਨ੍ਹੀਂ ਛੱਡੀ, ਹੰਕਾਰੀ ਉਚੇਰਿਆਂ ਨੇ। ਪੂਜਣਯੋਗ ਸਥਾਨ ਹੋਣਾ ਚਾਹੀਦਾ, ਕਬੀਲਦਾਰੀ ਵਿੱਚ ਔਰਤ ਦਾ। ਦਿਲ ਖੁਸ਼ ਹੋ ਜਾਵੇ "ਹਮਰੀ ਜੀਵਨ ਸਾਥਣ" ਔਰਤ ਦਾ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**

# ਐਂਕਲ ਚੰਨੀ ਸੇਠੀ ਦੀ ਮੱਤ

"ਓਮ ਪ੍ਰਕਾਸ਼, ਵੀਰੇ ਨਿਰੰਜਨ ਨੇ ਸਰਕਾਰ ਦੇ ਪੈਸੇ ਭਰਨੇ ਹਨ। ਉਸ ਨੂੰ ਪੈਸੇ ਦਿਵਾ ਦਿਓ। ਜਿੰਨਾ ਮਰਜ਼ੀ ਵਿਆਜ ਲੈ ਲਵੋ। ਨਹੀਂ ਤਾਂ ਉਸ ਨੂੰ ਅੰਦਰ ਕਰ ਦੇਣਗੇ।" ਸ੍ਰੀ ਨਿਰੰਜਨ ਮੋਂਗਾ ਦੀ ਵੱਡੀ ਭੈਣ, ਜੋ ਸੰਗਰੀਆ ਮੰਡੀ ਰਹਿੰਦੀ ਸੀ, ਨੇ ਪਾਪਾ ਜੀ ਨੂੰ ਤਰਲੇ ਨਾਲ ਕਿਹਾ।
ਨਿਰੰਜਨ ਨੂੰ ਪਾਪਾ ਜੀ ਮਾਮਾ ਆਖਦੇ ਸਨ ਤੇ ਉਹ ਪਾਪਾ ਜੀ ਨੂੰ ਮਾਸੀ। ਇਹ ਪਰਿਵਾਰ ਪਾਪਾ ਜੀ ਦੇ ਨਾਨਕਿਆਂ ਵਿਚੋਂ ਸੀ। ਨਿਰੰਜਨ ਮਾਮਾ ਕਈ ਤਰ੍ਹਾਂ ਦੇ ਕੰਮ-ਧੰਦੇ ਕਰਦਾ ਸੀ। ਉਸ ਸਾਲ ਉਸ ਨੇ ਸ਼ਰਾਬ ਦੇ ਠੇਕੇ ਵਿੱਚ ਹਿੱਸੇਦਾਰੀ ਪਾਈ ਸੀ, ਪਰ ਕਿਸਮਤ ਦੀ ਮਾਰ ਕਿ ਉਹ ਸਰਕਾਰੀ ਕਿਸ਼ਤ ਭਰਨ ਤੋਂ ਲੇਟ ਹੋ ਗਿਆ। ਹੁਣ ਪੁਲਿਸ ਦਾ ਡਰ ਸਿਰ 'ਤੇ ਮੰਡਰਾ ਰਿਹਾ ਸੀ। ਇੱਕ ਭੈਣ ਨੂੰ ਆਪਣੇ ਭਰਾ ਦੀ ਇੱਜ਼ਤ ਅਤੇ ਜਾਨ ਦਾ ਫਿਕਰ ਪੈ ਗਿਆ ਸੀ। ਉਹ ਸ਼ਾਇਦ ਪੰਜ-ਦਸ ਹਜ਼ਾਰ ਰੁਪਏ ਦੀ ਮੰਗ ਕਰ ਰਹੀ ਸੀ। ਪਾਪਾ ਜੀ ਦੀ ਆਪਣੀ ਵਿੱਤੀ ਹਾਲਤ ਅਜਿਹੀ ਨਹੀਂ ਸੀ ਕਿ ਉਹ ਇੰਨੀ ਵੱਡੀ ਰਕਮ ਇੱਕੋ ਵਾਰ ਕੱਢ ਦੇਣ। ਪਰ ਰਿਸ਼ਤੇ ਦੀ ਮਜਬੂਰੀ ਅਤੇ ਇਨਸਾਨੀਅਤ ਦੇ ਨਾਤੇ ਉਹ ਨਿਰੰਜਨ ਮਾਮੇ ਦੀ ਮਦਦ ਕਰਨੀ ਚਾਹੁੰਦੇ ਸਨ। ਉਨ੍ਹਾਂ ਦਿਨਾਂ ਵਿੱਚ ਮੇਰੇ ਜਿਗਰੀ ਦੋਸਤ ਵਿਜੈ ਸੇਠੀ ਦੇ ਪਾਪਾ ਜੀ, ਜਿਨ੍ਹਾਂ ਦਾ ਪੂਰਾ ਨਾਮ ਸਰਦਾਰ ਗੁਰਚਰਨ ਸਿੰਘ ਸੇਠੀ ਸੀ, ਸ਼ਹਿਰ ਵਿੱਚ ਚੰਨੀ ਹਲਵਾਈ ਦੇ ਨਾਂ ਨਾਲ ਮਸ਼ਹੂਰ ਸਨ। ਉਹ ਪਾਪਾ ਜੀ ਦੇ ਗੁਰਭਾਈ ਵੀ ਸਨ। ਉਹ ਮਾਸਟਰ ਰੁਲਦੂ ਰਾਮ, ਰਾਮ ਲਾਲ ਬਾਗੜੀ ਅਤੇ ਰਤਨ ਘਿਓ ਵਾਲੇ ਨਾਲ ਰਲ ਕੇ ਵਿਆਜ 'ਤੇ ਪੈਸੇ ਦੇਣ-ਲੈਣ ਦਾ ਕੰਮ ਕਰਦੇ ਸਨ। ਲੋਕ ਉਨ੍ਹਾਂ ਕੋਲ ਆਪਣੀ ਔਖੀ ਘੜੀ ਵੇਲੇ ਆਉਂਦੇ ਸਨ।
ਪਾਪਾ ਜੀ ਨੇ ਮੈਨੂੰ ਬੁਲਾ ਕੇ ਕਿਹਾ, "ਪੁੱਤ, ਤੂੰ ਐਂਕਲ ਚੰਨੀ ਸੇਠੀ ਕੋਲ ਜਾ। ਉਨ੍ਹਾਂ ਨੂੰ ਸਾਰੀ ਗੱਲ ਦੱਸ।" ਮੈਂ ਤੁਰੰਤ ਉਨ੍ਹਾਂ ਦੀ ਦੁਕਾਨ 'ਤੇ ਪਹੁੰਚ ਗਿਆ। ਮੈਂ ਹੱਥ ਜੋੜ ਕੇ ਬੇਨਤੀ ਕੀਤੀ, "ਐਂਕਲ ਜੀ, ਨਿਰੰਜਨ ਮਾਮੇ ਨੂੰ ਸਰਕਾਰੀ ਕਿਸ਼ਤ ਲਈ ਪੈਸਿਆਂ ਦੀ ਸਖ਼ਤ ਲੋੜ ਹੈ। ਪਾਪਾ ਜੀ ਨੇ ਕਿਹਾ ਹੈ ਕਿ ਭਾਵੇਂ ਜਿੰਨਾ ਮਰਜ਼ੀ ਵਿਆਜ ਲੈ ਲਵੋ, ਪਰ ਪੈਸੇ ਦਾ ਪ੍ਰਬੰਧ ਕਰ ਦਿਓ। ਨਹੀਂ ਤਾਂ ਉਹ ਜੇਲ੍ਹ ਚਲਾ ਜਾਵੇਗਾ।"
ਐਂਕਲ ਚੰਨੀ ਸੇਠੀ ਨੇ ਮੇਰੀ ਗੱਲ ਬੜੇ ਧਿਆਨ ਨਾਲ ਸੁਣੀ। ਉਨ੍ਹਾਂ ਦੇ ਚਿਹਰੇ 'ਤੇ ਇੱਕ ਅਜੀਬ ਜਿਹੀ ਗੰਭੀਰਤਾ ਆ ਗਈ। ਉਨ੍ਹਾਂ ਨੇ ਮੇਰੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ ਤੇ ਕਹਿਣ ਲੱਗੇ, "ਪੁੱਤਰਾ, ਗੱਲ ਧਿਆਨ ਨਾਲ ਸੁਣ। ਜਿਹੜਾ ਬੰਦਾ ਆ ਕੇ



ਕਹਿੰਦਾ ਹੈ ਕਿ 'ਜਿੰਨਾ ਮਰਜ਼ੀ ਵਿਆਜ ਲੈ ਲਵੋ', ਸਮਝ ਲੈਣਾ ਚਾਹੀਦਾ ਹੈ ਕਿ ਉਹ ਬੰਦਾ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਉਹ ਮਜਬੂਰ ਹੈ, ਲਾਚਾਰ ਹੈ। ਅਜਿਹੇ ਵਕਤ ਉਸ ਦੀ ਬਿਨਾਂ ਵਿਆਜ ਤੋਂ ਮਦਦ ਕਰਨੀ ਚਾਹੀਦੀ ਹੈ। ਇਹੀ ਇਨਸਾਨੀਅਤ ਹੈ।"
ਉਹ ਥੋੜ੍ਹਾ ਰੁਕੇ, ਫਿਰ ਬੋਲੇ, "ਵੱਧ ਵਿਆਜ ਦੇ ਲਾਲਚ ਵਿੱਚ ਕਈ ਵਾਰੀ ਮੂਲ ਵੀ ਡੁੱਬ ਜਾਂਦਾ ਹੈ। ਕਾਰੋਬਾਰ ਵਿੱਚ ਆਮ ਵਿਆਜ ਨਾਲ ਤਾਂ ਬੰਦਾ ਮੂਲ ਵੀ ਮੋੜ ਸਕਦਾ ਹੈ ਤੇ ਆਪਣਾ ਘਰ ਵੀ ਚਲਾ ਲੈਂਦਾ ਹੈ। ਪਰ ਜਦੋਂ ਵਿਆਜ ਦੀ ਦਰ ਇੰਨੀ ਵੱਧ ਜਾਵੇ ਕਿ ਮੂਲ ਨਾਲੋਂ ਵਿਆਜ ਭਾਰੂ ਹੋ ਜਾਵੇ, ਤਾਂ ਉਹ ਬੰਦੇ ਨੂੰ ਜਿਉਂਦੇ ਜੀਅ ਮਾਰ ਦਿੰਦੀ ਹੈ। ਉਹ ਕਦੇ ਉੱਠ ਹੀ ਨਹੀਂ ਸਕਦਾ।"
ਐਂਕਲ ਦੀ ਗੱਲ ਮੇਰੇ ਦਿਲ ਨੂੰ ਲੱਗੀ। ਉਨ੍ਹਾਂ ਅੱਗੇ ਸਮਝਾਇਆ, "ਦੇਖ ਪੁੱਤ, ਕਿਸੇ ਦੀ ਇਮਦਾਦ ਇਸ ਤਰ੍ਹਾਂ ਕਰੋ ਕਿ ਉਹ ਘਾਟੇ ਵਿਚੋਂ ਬਾਹਰ ਨਿਕਲ ਆਵੇ, ਉਸ ਦੇ ਪੈਰਾਂ 'ਤੇ ਖੜ੍ਹਾ ਹੋ ਜਾਵੇ। ਉਸ ਦੇ ਸਿਰ 'ਤੇ ਇੰਨਾ ਬੋਝ ਨਾ ਪਾਓ ਕਿ ਉਹ ਕਰਜ਼ੇ ਦੇ ਭਾਰ ਹੇਠ ਸਮੇਂ ਤੋਂ ਪਹਿਲਾਂ ਹੀ ਡੁੱਬ ਜਾਵੇ, ਮਰ ਜਾਵੇ। ਅਸੀਂ ਵਪਾਰੀ ਹਾਂ, ਪਰ ਪਹਿਲਾਂ ਇਨਸਾਨ ਹਾਂ। ਧਰਮ ਕਹਿੰਦਾ ਹੈ ਕਿ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਦਿਓ, ਪੱਥਰ ਬੰਨ੍ਹ ਕੇ ਹੋਰ ਡੂੰਘਾ ਨਾ ਕਰੋ।"
ਮੈਂ ਚੁੱਪ-ਚਾਪ ਉਨ੍ਹਾਂ ਦੀ ਗੱਲ ਸੁਣਦਾ ਰਿਹਾ। ਸੱਚਮੁੱਚ, ਉਨ੍ਹਾਂ ਦੇ ਇੱਕ-ਇੱਕ ਬੋਲ ਵਿੱਚ ਤਜਰਬੇ ਦਾ ਵਜ਼ਨ ਸੀ। ਫਿਰ ਮੈਨੂੰ ਨਹੀਂ ਪਤਾ ਕਿ ਐਂਕਲ ਚੰਨੀ ਸੇਠੀ ਨੇ ਪਾਪਾ ਜੀ ਦੇ ਮਾਮੇ ਨਿਰੰਜਨ ਦੀ ਕੋਈ ਆਰਥਿਕ ਇਮਦਾਦ ਕੀਤੀ ਜਾਂ ਨਹੀਂ, ਜਾਂ ਕਿਵੇਂ ਕੀਤੀ। ਪਰ ਮੈਨੂੰ ਉਨ੍ਹਾਂ ਦੀ ਉਸ ਦਿਨ ਵਾਲੀ ਗੱਲ ਅੱਜ ਤੱਕ ਯਾਦ ਹੈ। ਉਹ ਗੱਲ ਮੇਰੀ ਜ਼ਿੰਦਗੀ ਦਾ ਇੱਕ ਵੱਡਾ ਸਬਕ ਬਣ ਗਈ।
ਇਹ ਸੱਚ ਹੈ ਕਿ ਦੁਨੀਆਂ ਵਿੱਚ ਕਈ ਲਾਲਚੀ ਲੋਕ ਵੀ ਹੁੰਦੇ ਹਨ। ਉਹ ਜਾਣ-ਬੁੱਝ ਕੇ ਫਸੇ ਹੋਏ ਲੋਕਾਂ ਨੂੰ ਭਾਰੀ ਵਿਆਜ 'ਤੇ ਪੈਸੇ ਦਿੰਦੇ ਹਨ। ਉਹ ਹਰ ਮਹੀਨੇ ਸਿਰਫ਼ ਵਿਆਜ ਵਸੂਲਦੇ ਰਹਿੰਦੇ ਹਨ। ਇਸ ਤਰ੍ਹਾਂ ਉਹ ਕੁਝ ਹੀ ਸਮੇਂ ਵਿੱਚ ਵਿਆਜ ਦੇ ਬਹਾਨੇ ਆਪਣਾ ਮੂਲ ਵਾਪਿਸ ਲੈ ਲੈਂਦੇ ਹਨ, ਤੇ ਫਿਰ ਉਸ ਗਰੀਬ ਨੂੰ ਉਮਰ ਭਰ ਲਈ ਆਪਣਾ ਕਰਜ਼ਾਈ, ਆਪਣਾ ਗੁਲਾਮ ਬਣਾ ਕੇ ਰੱਖਦੇ ਹਨ। ਉਸ ਦੀ ਖੂਨ-ਪਸੀਨੇ ਦੀ ਕਮਾਈ ਸਾਰੀ ਉਮਰ ਵਿਆਜ ਭਰਨ ਵਿੱਚ ਹੀ ਚਲੀ ਜਾਂਦੀ ਹੈ।
ਪਰ ਐਂਕਲ ਚੰਨੀ ਸੇਠੀ ਵਰਗੇ ਲੋਕ ਇਸ ਭੀੜ ਤੋਂ ਵੱਖਰੇ ਸਨ। ਉਨ੍ਹਾਂ ਲਈ ਰਿਸ਼ਤਾ, ਧਰਮ ਤੇ ਇਨਸਾਨੀਅਤ ਪੈਸੇ ਨਾਲੋਂ ਵੱਡੇ ਸਨ। ਉਨ੍ਹਾਂ ਦੀ ਇਹ ਮੱਤ ਅੱਜ ਵੀ ਉਨੀ ਹੀ ਸਾਰਥਕ ਹੈ। ਜੇਕਰ ਹਰ ਵਪਾਰੀ, ਹਰ ਸਮਰੱਥ ਬੰਦਾ ਇਹ ਸੋਚ ਲਵੇ ਕਿ ਮੁਸੀਬਤ ਦੇ ਮਾਰੇ ਤੋਂ ਨਜਾਇਜ਼ ਲਾਭ ਨਹੀਂ ਲੈਣਾ, ਤਾਂ ਸਮਾਜ ਵਿੱਚੋਂ ਅੱਧੀ ਗਰੀਬੀ ਤੇ ਅੱਧੇ ਦੁੱਖ ਆਪਣੇ-ਆਪ ਖਤਮ ਹੋ ਜਾਣ। ਅਸਲ ਕਮਾਈ ਧਨ ਨਹੀਂ, ਦੁਆਵਾਂ ਹਨ।



ਰਮੇਸ ਸੇਠੀ ਬਾਦਲ
9876627233

# ਨਾਬਾਲਗ ਲੜਕੀਆਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ੀ ਫਰਾਰ, ਪੁਲਿਸ ਵੱਲੋਂ ਭਾਲ ਤੇਜ

**ਲੈਸਟਰ (ਇੰਗਲੈਂਡ), 10 ਜੂਨ (ਸੁਖਜਿੰਦਰ ਸਿੰਘ ਢੱਡੇ)-** ਨਾਬਾਲਗ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ 21 ਸਾਲਾ ਸ਼ਰਾਮ ਮੁਹਾਮਦੀ ਦੀ ਭਾਲ ਲਈ ਦੱਖਣੀ ਯਾਰਕਸ਼ਾਇਰ ਪੁਲਿਸ ਵੱਲੋਂ ਵਿਆਪਕ ਮੁਹਿੰਮ ਚਲਾਈ ਜਾ ਰਹੀ ਹੈ। ਮੁਹਾਮਦੀ ਨੂੰ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਜ਼ਮਾਨਤ ਮਿਲ ਗਈ ਸੀ, ਪਰ ਉਹ ਸ਼ੈਫੀਲਡ ਕਰਾਊਨ ਕੋਰਟ ਵਿਚ ਚੱਲ ਰਹੀ ਸੁਣਵਾਈ ਦੌਰਾਨ ਪੇਸ਼ ਨਹੀਂ ਹੋਇਆ। ਅਦਾਲਤ ਨੇ ਉਸ ਦੀ ਗੈਰ-ਹਾਜ਼ਰੀ ਵਿਚ ਹੀ ਉਸ ਨੂੰ ਦੋ ਮਾਮਲਿਆਂ ਵਿਚ ਲੋਕਾਂ ਨੂੰ ਸ਼ੋਸ਼ਣ ਦੇ ਉਦੇਸ਼ ਨਾਲ ਯਾਤਰਾ ਕਰਵਾਉਣ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦੇ ਦਿੱਤਾ।
ਪੁਲਿਸ ਅਨੁਸਾਰ ਮੁਹਾਮਦੀ ਦੇ ਵੈਸਟ ਮਿਡਲੈਂਡਜ਼ ਖੇਤਰ ਨਾਲ ਸੰਬੰਧ ਹਨ ਅਤੇ ਜਾਂਚ ਤੋਂ ਇਹ ਜਾਣਕਾਰੀ ਸਾਹ-



**ਨਾਬਾਲਗ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਫਰਾਰ ਅਪਰਾਧੀ ਸ਼ਰਾਮ ਮੁਹਾਮਦੀ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਮਣੇ ਆਈ ਹੈ ਕਿ ਉਹ 16 ਤੋਂ 18 ਮਈ ਦੇ ਵਿਚਕਾਰ ਰੇਲ ਰਾਹੀਂ ਬਰਮਿੰਘਮ ਪਹੁੰਚਿਆ ਸੀ। ਉਸ ਨੂੰ ਆਖਰੀ ਵਾਰ 18 ਮਈ ਦੀ ਰਾਤ ਕਰੀਬ 9 ਵਜੇ ਬਰਮਿੰਘਮ ਸ਼ਹਿਰ ਦੇ ਕੇਂਦਰ ਵਿਚ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਉਸ ਦੇ ਸਮਾਲ ਹੀਥ ਪਾਰਕ ਇਲਾਕੇ ਵੱਲ ਟੈਕਸੀ ਰਾਹੀਂ ਜਾਣ ਦਾ ਸ਼ੱਕ ਹੈ। ਪੁਲਿਸ ਵੱਲੋਂ ਸੀਸੀਟੀਵੀ ਫੁਟੇਜ, ਫੋਨ ਰਿਕਾਰਡਾਂ ਅਤੇ ਹੋਰ ਸਬੂਤਾਂ ਦੀ ਜਾਂਚ ਕਰਕੇ ਉਸ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।
ਦੱਖਣੀ ਯਾਰਕਸ਼ਾਇਰ ਪੁਲਿਸ ਦੀ ਸਹਾਇਕ ਮੁੱਖ ਕਾਂਸਟੇਬਲ ਹੇਲੀ ਬਾਰਨੇਟ ਨੇ ਕਿਹਾ ਕਿ ਮਾਮਲੇ ਨਾਲ ਸੰਬੰਧਿਤ ਪੀੜਤ ਲੜਕੀਆਂ ਨੇ ਪੂਰੀ ਜਾਂਚ ਅਤੇ ਮੁਕੱਦਮੇ ਦੌਰਾਨ ਬਹੁਤ ਹਿੰਮਤ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦਾ ਮੁੱਖ ਉਦੇਸ਼ ਦੋਸ਼ੀ ਨੂੰ ਕਾਨੂੰਨ ਦੇ ਕਟਹਿਰੇ ਵਿਚ ਲਿਆ ਕੇ ਪੀੜਤਾਂ ਨੂੰ ਪੂਰਾ ਇਨਸਾਫ਼ ਦਿਵਾਉਣਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਕੋਲ ਮੁਹਾਮਦੀ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਜਾਵੇ। ਪੁਲਿਸ ਦਾ ਮੰਨਣਾ ਹੈ ਕਿ ਉਹ ਅਜੇ ਵੀ ਬ੍ਰਿਟੇਨ ਵਿਚ ਹੋ ਸਕਦਾ ਹੈ, ਹਾਲਾਂਕਿ ਉਸ ਦੇ ਵਿਦੇਸ਼ ਭੱਜਣ ਦੀ ਸੰਭਾਵਨਾ ਨੂੰ ਵੀ ਨਕਾਰਿਆ ਨਹੀਂ ਜਾ ਰਿਹਾ।

# ਚਾਕੂ ਹਮਲੇ ਤੋਂ ਬਾਅਦ ਬੈਲਫਾਸਟ 'ਚ ਭੜਕੀ ਹਿੰਸਾ, ਘਰਾਂ, ਕਾਰਾਂ, ਅਤੇ ਬੱਸਾ ਨੂੰ ਲਗਾਈ ਅੱਗ, ਪਰਵਾਸੀ ਪਰਿਵਾਰਾਂ ਨੂੰ ਬਣਾਇਆ ਗਿਆ ਨਿਸ਼ਾਨਾ, ਕਈ ਪਰਿਵਾਰਾ ਨੂੰ ਛੱਡਣੇ ਪਏ ਆਪਣੇ ਘਰ








**ਲੈਸਟਰ (ਇੰਗਲੈਂਡ), 10 ਜੂਨ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਦੇ ਉੱਤਰੀ ਆਇਰਲੈਂਡ ਦੀ ਰਾਜਧਾਨੀ ਬੈਲਫਾਸਟ ਵਿਚ ਇਕ ਵਿਅਕਤੀ 'ਤੇ ਹੋਏ ਗੰਭੀਰ ਚਾਕੂ ਹਮਲੇ ਤੋਂ ਬਾਅਦ ਮੰਗਲਵਾਰ ਰਾਤ ਵੱਡੇ ਪੱਧਰ 'ਤੇ ਹਿੰਸਾ ਭੜਕ ਉੱਠੀ, ਜਿਸ ਦੌਰਾਨ ਕਈ ਘਰਾਂ, ਕਾਰਾਂ ਅਤੇ ਬੱਸਾਂ ਨੂੰ ਅੱਗ ਲਗਾ ਦਿੱਤੀ ਗਈ, ਜਦਕਿ ਕਈ ਪਰਿਵਾਰਾਂ ਨੂੰ ਆਪਣੀ ਜਾਨ ਬਚਾਉਣ ਲਈ ਘਰ ਛੱਡਣੇ ਪਏ। ਪੁਲਿਸ ਅਨੁਸਾਰ ਸੋਮਵਾਰ ਰਾਤ ਉੱਤਰੀ ਬੈਲਫਾਸਟ ਦੇ ਕਿਨੇਅਰਡ ਐਵੇਨਿਊ ਇਲਾਕੇ ਵਿਚ ਹੋਏ ਚਾਕੂ ਹਮਲੇ ਵਿਚ 40 ਸਾਲਾ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ, ਜਿਸ ਦੀਆਂ ਅੱਖਾਂ, ਗਰਦਨ ਅਤੇ ਪਿੱਠ 'ਤੇ ਡੂੰਘੀਆਂ ਸੱਟਾਂ ਲੱਗੀਆਂ ਹਨ ਅਤੇ ਉਹ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਇਸ ਮਾਮਲੇ ਵਿਚ 30 ਸਾਲਾ ਸੂਡਾਨੀ ਮੂਲ ਦੇ ਵਿਅਕਤੀ 'ਤੇ ਕਤਲ ਦੀ ਕੋਸ਼ਿਸ਼, ਜਨਤਕ ਥਾਂ 'ਤੇ ਧਾਰਦਾਰ ਹਥਿਆਰ ਰੱਖਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਮੁਤਾਬਕ ਦੋਸ਼ੀ 2023 ਵਿਚ ਪੈਰਿਸ ਤੋਂ ਡਬਲਿਨ ਆਇਆ ਸੀ ਅਤੇ ਬਾਅਦ ਵਿਚ ਆਇਰਲੈਂਡ ਸਰਹੱਦ ਰਾਹੀਂ ਉੱਤਰੀ ਆਇਰਲੈਂਡ ਪਹੁੰਚਿਆ, ਜਿੱਥੇ ਉਸ ਨੇ ਸ਼ਰਨ ਮੰਗੀ ਸੀ ਅਤੇ ਉਸ ਨੂੰ 2028 ਤੱਕ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਹਮਲੇ ਦੀ ਖ਼ਬਰ ਫੈਲਣ ਤੋਂ ਬਾਅਦ ਬੈਲਫਾਸਟ ਦੇ ਕਰੂਮਲਿਨ ਰੋਡ, ਲੈਂਡਰਿਕ ਸਟਰੀਟ, ਨਿਊਟਾਊਨਆਰਡਜ਼ ਰੋਡ ਅਤੇ ਹੋਰ ਕਈ




ਇਲਾਕਿਆਂ ਵਿਚ ਪ੍ਰਦਰਸ਼ਨ ਸ਼ੁਰੂ ਹੋਏ ਜੋ ਦੇਰ ਰਾਤ ਹਿੰਸਕ ਰੂਪ ਧਾਰ ਗਏ। ਨਕਾਬਪੋਸ਼ ਟੋਲਿਆਂ ਨੇ ਕਈ ਘਰਾਂ ਅਤੇ ਵਾਹਨਾਂ ਨੂੰ ਅੱਗ ਲਗਾ ਦਿੱਤੀ, ਖਿੜਕੀਆਂ ਅਤੇ ਦਰਵਾਜ਼ੇ ਤੋੜ ਦਿੱਤੇ ਅਤੇ ਇਕ ਗਲਾਈਡਰ ਬੱਸ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ। ਐਮਰਜੈਂਸੀ ਸੇਵਾਵਾਂ ਨੂੰ ਕਈ ਥਾਵਾਂ 'ਤੇ ਸੜਦੇ ਘਰਾਂ ਵਿਚੋਂ ਪਰਿਵਾਰਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਪਿਆ। ਸਥਾਨਕ ਧਾਰਮਿਕ ਆਗੂਆਂ ਅਤੇ ਸਿਆਸੀ ਨੇਤਾਵਾਂ ਨੇ ਦੋਸ਼ ਲਗਾਇਆ ਕਿ ਕੁਝ ਹਮਲਿਆਂ ਵਿਚ ਕਾਲੇ ਭਾਈਚਾਰੇ ਅਤੇ ਪਰਵਾਸੀ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਨਾਰਦਰਨ ਆਇਰਲੈਂਡ ਫਾਇਰ ਐਂਡ ਰੈਸਕਿਊ ਸਰਵਿਸ ਨੇ ਦੱਸਿਆ ਕਿ ਰਾਤ ਦੌਰਾਨ ਉਸ ਨੂੰ 256 ਐਮਰਜੈਂਸੀ ਕਾਲਾਂ ਪ੍ਰਾਪਤ ਹੋਈਆਂ ਅਤੇ 62 ਵੱਖ-ਵੱਖ ਘਟਨਾਵਾਂ 'ਤੇ ਕਾਰਵਾਈ ਕਰਨੀ ਪਈ। ਉੱਤਰੀ ਆਇਰਲੈਂਡ ਦੀ ਪਹਿਲੀ ਮੰਤਰੀ ਮਿਸ਼ੇਲ ਓ'ਨੀਲ ਨੇ ਹਿੰਸਾ ਨੂੰ "ਸਿੱਧੀ ਗੁੰਡਾਗਰਦੀ" ਕਰਾਰ ਦਿੰਦਿਆਂ ਕਿਹਾ ਕਿ ਪਰਿਵਾਰਾਂ ਨੂੰ ਘਰਾਂ ਵਿਚੋਂ ਕੱਢ ਕੇ ਉਨ੍ਹਾਂ ਦੀਆਂ ਜਾਇਦਾਦਾਂ ਸਾੜਨਾ ਘਿਨੌਣੀ ਕਾਇਰਤਾ ਹੈ ਅਤੇ ਇਸ ਦਾ ਕੋਈ ਜਾਇਜ਼ ਕਾਰਨ ਨਹੀਂ ਹੋ ਸਕਦਾ। ਬਰਤਾਨੀਆ ਸਰਕਾਰ ਦੇ ਉੱਤਰੀ ਆਇਰਲੈਂਡ ਸਕੱਤਰ ਹਿਲੇਰੀ ਬੈਨ ਨੇ ਵੀ ਹਿੰਸਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਪੁਲਿਸ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਹਿੰਸਾ ਵਿਚ ਸ਼ਾਮਲ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਵਿਆਹੁਣ ਯੋਗ ਬੱਚਿਆਂ ਦੇ ਮਾਪਿਆਂ ਦੀ ਮਜ਼ਬੂਰੀ ਨੂੰ

ਵਿਆਹ ਇੱਕ ਬਹੁਤ ਹੀ ਪਵਿੱਤਰ ਸਮਾਜਿਕ ਬੰਧਨ ਹੈ। ਸਾਡੇ ਸਮਾਜ ਦੀ ਨੀਂਹ ਹੈ,ਵਿਆਹ ਦਾ ਬੰਧਨ।ਵਿਆਹ ਤੋਂ ਬਿਨਾਂ,ਸੱਭਿਅਕ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇੱਕ ਸਮਾਂ ਸੀ,ਜਦੋਂ ਇੱਕ ਵਿਚੋਲਾ ਹੀ ਰਿਸ਼ਤਾ ਤਹਿ ਆਇਆ ਕਰਦਾ ਸੀ।ਮੁੰਡੇ ਕੁੜੀ ਦਾ ਆਪਸੀ ਦੇਖਣ ਦਿਖਾਉਣ ਦਾ ਕੋਈ ਰਿਵਾਜ਼ ਨਹੀਂ ਹੋਇਆ ਕਰਦਾ ਸੀ। ਇਹ ਰਿਸ਼ਤੇ ਟਿਕਾਊ ਹੋਇਆ ਕਰਦੇ ਸਨ।ਜਦੋਂ ਲੋਕ ਪੜ ਲਿਖ ਗਏ,ਤਾਂ ਰਿਸ਼ਤਾ ਕਰਨ ਸਮੇਂ,ਲਾੜਾ ਲਾੜੀ ਦੇ ਦੇਖਣ ਦਿਖਾਉਣ ਦਾ ਰਿਵਾਜ਼ ਪੈ ਗਿਆ। ਇੱਥੇ ਤੱਕ ਵੀ ਮਾਪਿਆਂ ਨੂੰ ਬੱਚਿਆਂ ਦਾ ਰਿਸ਼ਤਾ ਕਰਨ ਵਿੱਚ ਆਮ ਤੌਰ 'ਤੇ ਕੋਈ ਪ੍ਰਸਾਨੀ ਨਹੀਂ ਆਇਆ ਕਰਦੀ ਸੀ,ਕਿਉਂਕਿ ਇਹ ਰਿਸ਼ਤੇ ਵੀ ਮਾਪਿਆਂ ਦੀ ਸਹਿਮਤੀ ਨਾਲ ਹੀ ਹੋਇਆ ਕਰਦੇ ਸਨ।

ਪਰ ਜਦੋਂ ਤੋਂ ਆਧੁਨਿਕਤਾ ਦੇ ਲਿਬਾਸ ਵਿੱਚ ਪੱਛਮੀ ਸੱਭਿਅਤਾ ਸਾਡੇ ਬੱਚਿਆਂ ਦੀ ਮਾਨਸਿਕਤਾ 'ਤੇ ਭਾਰੀ ਪੈਣ ਲੱਗੀ ਹੈ,ਉਦੋਂ ਤੋਂ ਬੱਚਿਆਂ ਦੇ ਰਿਸ਼ਤੇ ਕਰਨ ਵਿੱਚ, ਮਾਪਿਆਂ ਨੂੰ ਭਾਰੀ ਮੁਸਕਿਲਾਂ ਦੀ ਸਾਹਮਣਾ ਕਰਨਾ ਪੈਣ ਲੱਗ ਪਿਆ ਹੈ।ਕਈ ਵਾਰ ਵਿਆਹ ਤੋਂ ਪਹਿਲਾਂ,ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਨਣ ਦੇ ਬਹਾਨੇ ਮਿਲਣਾ ਜਾਂ ਫੂਨ 'ਤੇ ਗੱਲਾਂ ਕਰਨ ਨਾਲ ਅਕਸਰ ਵਿਆਹ ਤੋਂ ਪਹਿਲਾਂ ਹੀ ਰਿਸ਼ਤੇ ਟੁੱਟ ਜਾਇਆ ਕਰਦੇ ਹਨ। ਬੱਚਿਆਂ ਲਈ ਤਾਂ ਇਹ ਇੱਕ ਸਧਾਰਨ ਜਹੀ ਹੀ ਗੱਲ ਹੁੰਦੀ ਹੈ,ਪਰ ਮਾਪੇ ਨਮੋਸ਼ੀ ਕਾਰਨ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿੰਦੇ। ਵਿਦੇਸ਼ਾਂ ਚ ਪੜਨ ਗਏ ਜਿਆਦਾਤਰ ਬੱਚੇ, ਆਪਣਾ ਜੀਵਨਸਾਥੀ ਉੱਥੇ ਹੀ ਚੁਣ ਕੇ,ਇਕੱਠੇ ਦੇਸ਼ ਮੁੜਦੇ ਹਨ,ਅਤੇ ਮਾਪਿਆਂ ਨੂੰ ਆਪਣੇ ਰਿਸ਼ਤੇ ਵਾਰੇ ਦੋ ਟੁੱਟ ਫੈਸਲਾ ਸੁਣਾ ਦਿੰਦੇ ਹਨ, ਜਦੋਂ ਕਿ ਉਨ੍ਹਾਂ ਨੇ ਮਾਂ ਬਾਪ ਨਾਲ ਇਸ ਵਾਰੇ ਕੋਈ ਗੱਲ ਵੀ ਨਹੀਂ ਕੀਤੀ ਹੁੰਦੀ। ਇਧਰ ਮਾਂ ਬਾਪ ਨੇ ਆਪਣੇ ਬੱਚਿਆਂ ਲਈ ਪਹਿਲਾਂ ਹੀ ਉਨ੍ਹਾਂ ਦੇ ਰਿਸ਼ਤੇ ਵਾਰੇ ਗੱਲ ਕਿਤੇ ਚਲਾ ਰੱਖੀ ਹੁੰਦੀ ਹੈ।ਐਸੇ ਸਮੇਂ ਮਾਪਿਆਂ ਦੀ ਹਾਲਤ ਬਹੁਤ ਹੀ ਤਰਸਯੋਗ ਹੋ ਜਾਂਦੀ ਹੈ।ਇੱਕ ਸਮਾਂ ਸੀ ਜਦੋਂ ਧੀ ਦੇ ਜੁਆਨ ਹੁੰਦਿਆਂ ਹੀ ਮਾਂ ਬਾਪ ਆਪਣੀ ਧੀ ਲਈ ਕੋਈ ਚੰਗਾ ਰਿਸ਼ਤਾ ਲੱਭਣ ਲਈ ਫਿਕਰਾਂ ਚ ਪੈ ਜਾਇਆ ਕਰਦੇ ਸਨ। ਪਰ ਲਿੰਗਕ ਅਸੰਤੁਲਨ ਕਾਰਨ ਅੱਜ,ਪੁੱਤਰ ਦੇ ਜਵਾਨ ਹੁੰਦੇ ਹੀ ਮਾਪੇ ਉਸ ਦੇ ਰਿਸ਼ਤੇ ਵਾਰੇ ਫ਼ਿਕਰਮੰਦ ਹੋ ਰਹੇ ਹਨ।ਇਕ ਸਮਾਂ ਸੀ ਜਦੋਂ ਅਰਬ ਦੇਸ਼ਾਂ ਤੋਂ ਮੁੜੇ ਮੁੰਡਿਆਂ ਦਾ ਰਿਸ਼ਤਾ ਵੀ ਦੋ ਚਾਰ ਦਿਨਾਂ ਚ ਹੋ ਜਾਇਆ ਕਰਦਾ ਸੀ,ਪਰ ਅੱਜ ਯੂਰਪ ਆਏ ਮੁੰਡਿਆਂ ਦਾ ਰਿਸ਼ਤਾ ਵੀ ਬਹੁਤ ਮੁਸ਼ਕਿਲ ਨਾਲ ਹੋ ਰਿਹਾ ਹੈ। ਕਦੇ ਉਹ ਵੀ ਸਮਾਂ ਸੀ ਜਦੋਂ ਘਰਾਂ ਦੇ ਵਿਹੜੇ ਵਿੱਚ ਹੀ,ਗੁਰਦੁਆਰੇ ਦੀਆਂ ਚਾਨਣੀਆਂ ਲਾ ਕੇ,ਵਿਆਹ ਕਰ ਲਏ ਜਾਂਦੇ ਸਨ। ਪਰ ਅੱਜ ਮੈਰਿਜ਼ ਪੈਲਸਾਂ ਕਲਚਰ ਵਿੱਚ,ਵਿਆਹਾਂ 'ਤੇ ਹੋ ਰਹੇ ਬੇਹਤਾਸ਼ਾ ਖਰਚੇ ਵੀ ਮਾਪਿਆਂ ਨੂੰ ਹਰ ਪਲ ਪਰੇਸ਼ਾਨ ਕਰਦੇ ਰਹਿੰਦੇ ਹਨ।ਅਕਸਰ ਸਮਾਜ ਵਿੱਚ ਆਪਣਾ ਰੁਤਬਾ ਬਰਕਰਾਰ ਰੱਖਣ ਲਈ ਮਾਪੇ ਆਪਣੀ ਜ਼ਮੀਨ ਜਾਂ ਘਰ ਵੇਚਣ ਲਈ ਵੀ ਮਜਬੂਰ ਹੋ ਜਾਂਦੇ ਹਨ।ਮਹਿੰਗੇ ਪੈਲਸ,ਮਹਿੰਗੀਆਂ ਸ਼ਰਾਬਾਂ,ਭਾਂਤ ਭਾਂਤ ਦੇ ਖਾਣੇ ਮਾਪਿਆਂ ਦਾ ਲੱਕ ਤੋੜ ਦਿੰਦੇ ਹਨ।ਪਲ ਭਰ ਦੀਆਂ ਖੁਸ਼ੀਆਂ ਲਈ, ਆਪਣੀ ਜਾਇਦਾਦ ਲੁਟਾਉਣ ਵਾਲੇ ਮਾਪੇ,ਦਿਲ ਦਾ ਦਰਦ, ਦਿਲ ਵਿੱਚ ਹੀ ਦਬਾ ਕੇ,ਲੋਕਾਂ ਸਾਮ੍ਹਣੇ ਝੂਠਾ ਜਿਹਾ ਹਾਸਾ ਹੱਸਣ ਲਈ ਮਜ਼ਬੂਰ ਹੁੰਦੇ ਹਨ। ਕਦੇ ਸਾਡੇ ਸਮਾਜ ਵਿੱਚ ਮੁਟਿਆਰਾਂ ਦਹੇਜ਼ ਦੀ ਬਲੀ ਚੜਦੀਆਂ ਸਨ,ਅੱਜ ਮਾਪੇ ਮਹਿੰਗੇ ਪੈਲਸਾਂ ਦੀ ਬਲੀ ਚੜ ਰਹੇ ਹਨ।ਪਰ ਜਿਸ ਤਰ੍ਹਾਂ ਲੋਕ ਦਾਜ ਦਹੇਜ਼ ਦੇ ਖਿਲਾਫ਼ ਅਵਾਜ਼ ਉਠਾ ਰਹੇ ਸਨ,ਉਸ ਤਰ੍ਹਾਂ ਮੈਰਿਜ਼ ਪੈਲਸ ਕਲਚਰ ਵਿਰੁਧ ਕੋਈ ਅਵਾਜ਼ ਨਹੀਂ ਉੱਠ ਰਹੀ

ਸਮਾਜ ਵੀਕਲੀ ਨਿਊਜ਼

**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**





# ਪੁਸਤਕਾਂ ਦੀ ਐਡਵਰਟਾਈਜ਼ਮੈਂਟ

**ਗਿਆਨ ਅਤੇ ਦਾਨ ਨਾਲ-ਨਾਲ**











ਸਮਾਜ ਵੀਕਲੀ ਨਿਊਜ਼










**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**